# ਸੈਕੰਡਰੀ ਸਕੂਲ ਦੇ ਸਥਾਨਾਂ ਦੀ ਵੰਡ (SSPA) ਪ੍ਰਣਾਲੀ 2024/2026
# ਕੇਂਦਰੀ ਵੰਡ (Central Allocation) ਬਾਰੇ ਮਾਪਿਆਂ ਲਈ ਨੋਟਸ

1. ਸਿੱਖਿਆ ਵਿਭਾਗ (EDB) ਮਾਪਿਆਂ ਨੂੰ ਪੂਰੀ S1 ਅਰਜੀ ਪ੍ਰਕਿਰਿਆ ਦੌਰਾਨ ਵਧੇਰੇ ਸੁਵਿਧਾਜਨਕ ਅਤੇ ਤੇਜ਼ ਸੇਵਾਵਾਂ ਲਈ ਜਿੰਨੀ ਜਲਦੀ ਹੋ ਸਕੇ "iAM Smart+" ਨਾਲ ਪੰਜੀਕਰਨ ਕਰਨ ਲਈ ਉਤਸ਼ਾਹਿਤ ਕਰਦਾ ਹੈ। ਮਾਪੇ "iAM Smart+" ਪੰਜੀਕਰਨ ਬਾਰੇ ਵੇਰਵਿਆਂ ਲਈ "iAM Smart" ਨਾਲ ਸੰਬੰਧਿਤ ਵੈੱਬਸਾਈਟ (https://www.iamsmart.gov.hk/en/) (ਚੁਣੋ: Home > "iAM Smart" registration > Registration Methods) 'ਤੇ ਜਾ ਸਕਦੇ ਹਨ ਜਾਂ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰਕੇ "iAM Smart" ਮੋਬਾਈਲ ਐਪ ਨੂੰ ਡਾਊਨਲੋਡ ਕਰ ਸਕਦੇ ਹਨ।

2. ਉਹ ਮਾਪੇ ਜਿਨ੍ਹਾਂ ਨੂੰ SSPA ਈ-ਪਲੇਟਫਾਰਮ (eSSPA) ਉਪਭੋਗਤਾਵਾਂ ਵਜੋਂ ਰਜਿਸਟਰ ਕੀਤਾ ਗਿਆ ਹੈ **ਅਤੇ ਉਹਨਾਂ ਦੇ ਖਾਤੇ ਨੂੰ "iAM Smart+" ਨਾਲ ਜੋੜਿਆ ਹੋਇਆ ਹੈ**, ਉਹ ਆਪਣੇ ਬੱਚੇ ਦੇ ਹਾਜ਼ਰੀ ਵਾਲੇ ਪ੍ਰਾਇਮਰੀ ਸਕੂਲ ਨੂੰ eSSPA ਏ ਰਾਹੀਂ ਕੇਂਦਰੀ ਵੰਡ (CA) ਦੀ ਅਰਜ਼ੀ ਜਮ੍ਹਾ ਕਰ ਸਕਦੇ ਹਨ। ਮਾਪੇ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰ ਸਕਦੇ ਹਨ ਅਤੇ ਆਪਣੇ ਬੱਚੇ ਦੇ ਵਿਦਿਆਰਥੀ ਸੰਦਰਭ ਅੰਕ ਦੇ ਨਾਲ-ਨਾਲ ਪ੍ਰਾਇਮਰੀ ਸਕੂਲਾਂ ਦੁਆਰਾ ਪ੍ਰਦਾਨ ਕੀਤੇ ਗਏ ਐਕਟੀਵੇਸ਼ਨ ਕੋਡ ਦੇ ਨਾਲ ਇੱਕ eSSPA ਖਾਤਾ ਪੰਜੀਕਰਨ ਕਰ ਸਕਦੇ ਹਨ। ਜੇਕਰ ਮਾਤਾ-ਪਿਤਾ ਨੇ ਇਖਤਿਆਰੀ ਸਥਾਨਾਂ (DP) ਦੇ ਪੜਾਅ 'ਤੇ eSSPA ਖਾਤੇ ਨੂੰ ਐਕਟੀਵੇਟ ਕੀਤਾ ਹੈ, ਤਾਂ ਉਹ ਆਪਣੇ ਬੱਚੇ ਲਈ eSSPA ਰਾਹੀਂ CA ਅਰਜ਼ੀ ਜਮ੍ਹਾ ਕਰਨ ਲਈ ਉਸੇ ਖਾਤੇ ਦੀ ਵਰਤੋਂ ਕਰਨਾ ਜਾਰੀ ਰੱਖ ਸਕਦੇ ਹਨ। eSSPA ਖਾਤਾ ਬਣਾਉਣ ਅਤੇ ਲੌਗਇਨ ਪ੍ਰਕਿਰਿਆਵਾਂ ਲਈ, ਕਿਰਪਾ ਕਰਕੇ EDB ਦੇ ਹੋਮਪੇਜ (https://www.edb.gov.hk/en/edu-system/primary-secondary/spa-systems/secondary-spa/general-info/sspa_eplatform_parents_guide.html) 'ਤੇ ਅੱਪਲੋਡ ਕੀਤੀ ਗਈ ਸੰਬੰਧਿਤ ਮਾਪਿਆਂ ਲਈ ਗਾਈਡ ਨੂੰ ਵੇਖੋ।

| SSPA ਈ-ਪਲੇਟਫਾਰਮ (eSSPA) (https://esspa.edb.gov.hk) | SSPA ਈ-ਪਲੇਟਪਾਰਮ ਮਾਪਿਆਂ ਲਈ ਗਾਈਡ |
|---|---|

## ਕੇਂਦਰੀ ਵੰਡ ਲਈ ਪ੍ਰਬੰਧ

ਮੌਜੂਦਾ ਪ੍ਰਬੰਧ

3. ਮੌਜੂਦ ਪ੍ਰਬੰਧਨ ਅਨੁਸਾਰ, CA ਪੜਾਅ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ:
   - ਭਾਗ A "ਅਣ-ਪ੍ਰਤੀਬੰਧਿਤ ਸਕੂਲ ਚੋਣ": ਮਾਪਿਆਂ ਲਈ ਕਿਸੇ ਵੀ ਸਕੂਲ ਨੈੱਟ ਵਿੱਚੋਂ (ਵਿਦਿਆਰਥੀ ਦੇ ਸਕੂਲ ਨੈੱਟ ਸਮੇਤ) ਵੱਧ ਤੋਂ ਵੱਧ 3 ਸਕੈਂਡਰੀ ਸਕੂਲ ਚੁਣਨ ਦੀ ਆਗਿਆ ਹੈ।
   - ਭਾਗ B "ਪ੍ਰਤੀਬੰਧਿਤ ਸਕੂਲ ਚੋਣ": ਮਾਪਿਆਂ ਲਈ ਵਿਦਿਆਰਥੀ ਦੇ ਸਕੂਲ ਨੈੱਟ ਤੋਂ ਵੱਧ ਤੋਂ ਵੱਧ 30 ਸਕੈਂਡਰੀ ਸਕੂਲ ਚੁਣਨ ਦੀ ਆਗਿਆ ਹੈ।

   ਕੰਪਿਊਟਰ ਪਹਿਲਾਂ ਭਾਗ A ਵਿੱਚ ਸਭ ਵਿਦਿਆਰਥੀਆਂ ਦੀਆਂ ਸਕੂਲ ਚੋਣਾਂ ਦੀ ਪ੍ਰਕਿਰਿਆ ਕਰੇਗਾ। ਜੇਕਰ ਵਿਦਿਆਰਥੀਆਂ ਨੂੰ ਭਾਗ A ਵਿੱਚ ਸਕੂਲ ਦੇ ਸਥਾਨਾਂ ਦੀ ਵੰਡ ਨਹੀਂ ਕੀਤੀ ਜਾਂਦੀ ਤਾਂ ਉਨ੍ਹਾਂ ਦੀਆਂ ਚੋਣਾਂ ਨੂੰ ਭਾਗ B ਵਿੱਚ ਅੱਗੇ ਪ੍ਰਕਿਰਿਆ ਕੀਤਾ ਜਾਵੇਗਾ।

   SSPA ਪ੍ਰਣਾਲੀ ਵਿੱਚ ਹਿੱਸਾ ਲੈਣ ਵਾਲੇ ਸੈਕੰਡਰੀ ਸਕੂਲਾਂ ਲਈ, ਦੁਹਰਾਏ ਗਏ ਅਤੇ DP ਦੀ ਕਟੌਤੀ ਤੋਂ ਬਾਅਦ ਬਾਕੀ ਬਚੇ S1 ਸਥਾਨਾਂ ਨੂੰ CA ਲਈ ਵਰਤਿਆ ਜਾਂਦਾ ਹੈ। CA ਸਥਾਨਾਂ ਵਿੱਚੋਂ, ਭਾਗ A ਵਿੱਚ ਅਣ-ਪ੍ਰਤੀਬੰਧਿਤ ਸਕੂਲ ਚੋਣ ਦੀ ਵੰਡ ਲਈ 10% ਨਿਰਧਾਰਿਤ ਕੀਤੇ ਗਏ ਹਨ, ਅਤੇ ਬਾਕੀ 90% ਹਿੱਸਾ ਭਾਗ B[1] ਵਿੱਚ ਪ੍ਰਤੀਬੰਧਿਤ ਸਕੂਲ ਚੋਣ ਲਈ ਨਿਰਧਾਰਿਤ ਕੀਤੇ ਗਏ ਹਨ। ਮਾਪਿਆਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ DP ਅਤੇ CA ਦੇ ਵੱਖ-ਵੱਖ ਸਕੂਲਾਂ ਦੇ S1 ਸਥਾਨਾਂ ਦੀ ਗਿਣਤੀ ਸਿਰਫ ਅਨੁਮਾਨਿਤ ਅੰਕੜੇ ਹਨ। ਵੰਡ ਲਈ ਸਥਾਨਾਂ ਦੀ ਅੰਤਿਮ ਗਿਣਤੀ ਤਬਦੀਲੀ ਦੇ ਅਧੀਨ ਹੋ ਸਕਦੀ ਹੈ।

ਸਕੂਲ ਦੇ ਸਥਾਨਾਂ ਦੀ ਵੰਡ ਦਾ ਸਿਧਾਂਤ

4. CA ਵਿਦਿਆਰਥੀ ਦੇ ਵੰਡ ਬੈਂਡ, ਮਾਪਿਆਂ ਦੀ ਸਕੂਲਾਂ ਦੀ ਚੋਣ ਅਤੇ ਰੈਂਡਮ ਨੰਬਰ 'ਤੇ ਆਧਾਰਿਤ ਹੈ।

ਅੰਦਰੂਨੀ ਮੁਲਾਂਕਣ

5. ਵਿਦਿਆਰਥੀਆਂ ਦੇ ਮਾਨਕੀਕ੍ਰਿਤ ਸਕੂਲ ਦੇ ਅੰਦਰੂਨੀ ਮੁਲਾਂਕਣ (IA) ਦੇ ਨਤੀਜੇ ਪ੍ਰਾਇਮਰੀ 5 (P5) ਦੇ ਅੰਤ ਵਿੱਚ, ਅਤੇ ਪ੍ਰਾਇਮਰੀ 6 (P6) ਦੇ ਅੱਧ ਸਾਲ ਅਤੇ ਅੰਤ ਦੇ ਨਤੀਜੇ, ਉਹਨਾਂ ਦੇ ਵੰਡ ਬੈਂਡ ਅਲਾਟ ਕਰਨ ਲਈ ਅਧਾਰ ਹਨ।

ਸਕੇਲਿੰਗ ਕਾਰਜਵਿਧੀ

6. ਵੱਖ-ਵੱਖ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਅਕਾਦਮਿਕ ਪ੍ਰਦਰਸ਼ਨ ਦੀ ਤੁਲਨਾ ਵਧੇਰੇ ਨਿਰਪੱਖ ਅਤੇ ਨਿਆਂਸੰਗਤ ਢੰਗ ਨਾਲ ਕਰਨ ਲਈ, SSPA ਤੰਤਰ ਦੇ ਤਹਿਤ ਇੱਕ ਸਕੇਲਿੰਗ ਵਿਧੀ ਸਥਾਪਤ ਕੀਤੀ ਗਈ ਹੈ, ਤਾਂ ਜੋ ਵਿਦਿਆਰਥੀਆਂ ਦੇ ਵੰਡ ਬੈਂਡ ਅਲਾਟ ਕਰਨ ਦੇ ਉਦੇਸ਼ ਨਾਲ SSPA ਵਿੱਚ ਭਾਗ ਲੈਣ ਵਾਲੇ ਸਾਰੇ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਅੰਦਰੂਨੀ ਮੁਲਾਂਕਣਾਂ ਨੂੰ ਮਾਪਿਆ ਅਤੇ ਵਿਵਸਥਿਤ ਕੀਤਾ ਜਾ ਸਕੇ। SSPA 2024/2026 ਵਿੱਚ CA ਲਈ, ਸਕੂਲ ਦੇ 2018 ਅਤੇ 2024 ਵਿੱਚ ਪ੍ਰੀ-ਸੈਕੰਡਰੀ ਵਨ ਹਾਂਗ ਕਾਂਗ ਅਟੈਨਮੈਂਟ

[1] ਭਾਗ A ਅਤੇ B ਵਿੱਚ ਫੀਡਰ / ਨਾਮਜ਼ਦ / ਥਰੂ-ਟ੍ਰੇਨ ਸੈਕੰਡਰੀ ਸਕੂਲਾਂ ਦੇ ਖੁੱਲ੍ਹੇ ਸਥਾਨਾਂ ਦੀ ਗਣਨਾ ਉਹਨਾਂ ਦੇ ਲਿੰਕ ਕੀਤੇ ਪ੍ਰਾਇਮਰੀ ਸਕੂਲਾਂ ਲਈ ਰਾਖਵੇਂ ਸਥਾਨਾਂ ਨੂੰ ਘਟਾਉਣ ਤੋਂ ਬਾਅਦ ਕੀਤੀ ਜਾਂਦੀ ਹੈ। ਵੇਰਵਿਆਂ ਲਈ, ਕਿਰਪਾ ਕਰਕੇ ਇਸ ਨੋਟ ਦੇ ਪੈਰੇ 23 ਅਤੇ 24 ਵੇਖੋ।

ਟੈਸਟ ਦੇ ਨਮੂਨਾਵਾਰ ਨਤੀਜਿਆਂ ਦੀ ਔਸਤ ਨੂੰ ਸਕੇਲਿੰਗ ਟੂਲ ਵਜੋਂ ਵਰਤਿਆ ਜਾਂਦਾ ਹੈ।

<u>ਵੰਡ ਬੈਂਡ</u>

7. ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੇਲ ਕੀਤੇ ਅੰਕਾਂ ਅਨੁਸਾਰ ਮੈਰਿਟ ਦੀ ਤਰਤੀਬ ਵਿੱਚ ਰੱਖਿਆ ਜਾਂਦਾ ਹੈ ਅਤੇ ਤਿੰਨ ਵੰਡ ਬੈਂਡਾਂ ਵਿੱਚ ਵੰਡਿਆ ਜਾਂਦਾ ਹੈ। ਭਾਗ A ਵਿੱਚ "ਅਣ-ਪ੍ਰਤੀਬੰਧਿਤ ਸਕੂਲ ਚੋਣ" ਦੀ ਪ੍ਰਕਿਰਿਆ ਕਰਨ ਵੇਲੇ, ਖੇਤਰ ਦੇ ਸਾਰੇ ਵਿਦਿਆਰਥੀਆਂ ਦੇ ਸਕੇਲ ਕੀਤੇ ਅੰਕਾਂ ਨੂੰ ਮੈਰਿਟ ਦੀ ਇੱਕ ਤਰਤੀਬ ਵਿੱਚ ਰੱਖਿਆ ਜਾਂਦਾ ਹੈ। ਫਿਰ ਵਿਦਿਆਰਥੀਆਂ ਨੂੰ ਬਰਾਬਰ ਦੇ ਤਿੰਨ ਖੇਤਰੀ ਬੈਂਡਾਂ ਵਿੱਚ ਵੰਡਿਆ ਜਾਂਦਾ ਹੈ, ਜਿਨ੍ਹਾਂ ਵਿੱਚੋਂ ਹਰ ਇੱਕ ਵਿੱਚ ਖੇਤਰ ਦੇ ਕੁੱਲ ਭਾਗ ਲੈਣ ਵਾਲੇ ਪ੍ਰਾਇਮਰੀ ਵਿਦਿਆਰਥੀਆਂ ਦੀ ਗਿਣਤੀ ਦਾ ਇੱਕ-ਤਿਹਾਈ ਹਿੱਸਾ ਹੁੰਦਾ ਹੈ। ਭਾਗ B ਵਿੱਚ "ਪ੍ਰਤੀਬੰਧਿਤ ਸਕੂਲ ਚੋਣ" ਦੀ ਪ੍ਰਕਿਰਿਆ ਕਰਨ 'ਤੇ, ਇੱਕੋ ਸਕੂਲ ਨੈੱਟ ਦੇ ਸਾਰੇ ਵਿਦਿਆਰਥੀਆਂ ਦੇ ਸਕੇਲ ਅੰਕਾਂ ਨੂੰ ਮੈਰਿਟ ਦੀ ਇੱਕ ਤਰਤੀਬ ਵਿੱਚ ਰੱਖਿਆ ਜਾਂਦਾ ਹੈ। ਫਿਰ ਵਿਦਿਆਰਥੀਆਂ ਨੂੰ ਸਮਾਨ ਤੌਰ 'ਤੇ ਤਿੰਨ ਨੈੱਟ ਬੈਂਡਾਂ ਵਿੱਚ ਵੰਡਿਆ ਜਾਂਦਾ ਹੈ, ਜਿਨ੍ਹਾਂ ਵਿੱਚੋਂ ਹਰ ਇੱਕ ਵਿੱਚ ਸਕੂਲ ਨੈੱਟ ਦੇ ਕੁੱਲ ਭਾਗ ਲੈਣ ਵਾਲੇ ਪ੍ਰਾਇਮਰੀ ਵਿਦਿਆਰਥੀਆਂ ਦੀ ਗਿਣਤੀ ਦਾ ਇੱਕ-ਤਿਹਾਈ ਹਿੱਸਾ ਹੁੰਦਾ ਹੈ। ਵੰਡ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ, ਵਿਅਕਤੀਗਤ ਵਿਦਿਆਰਥੀਆਂ ਦੇ ਵੰਡ ਬੈਂਡ ਨੂੰ ਬਰਕਰਾਰ ਨਹੀਂ ਰੱਖੇ ਜਾਂਦੇ।

8. ਸਕੇਲਿੰਗ ਵਿਧੀ ਅਤੇ ਵੰਡ ਬੈਂਡਾਂ ਬਾਰੇ ਵਿਆਖਿਆ ਲਈ, ਕਿਰਪਾ ਕਰਕੇ EDB ਹੋਮਪੇਜ (https://www.edb.gov.hk/en/edu-system/primary-secondary/spa-systems/secondary-spa/general-info/video_on_the_sspa_system.html) 'ਤੇ ਅਪਲੋਡ ਕੀਤੀ ਗਈ ਸੰਬੰਧਿਤ ਵੀਡੀਓ ਵੇਖੋ।

<u>ਸਕੇਲਿੰਗ ਵਿਧੀ ਅਤੇ ਵੰਡ ਬੈਂਡਾਂ ਬਾਰੇ ਵੀਡੀਓ</u>

9. ਮੌਜੂਦਾ ਵਿਧੀ ਦੇ ਤਹਿਤ, SSPA ਵਿੱਚ ਭਾਗ ਲੈਣ ਵਾਲੇ ਸਾਰੇ ਪ੍ਰਾਇਮਰੀ ਸਕੂਲਾਂ ਦੁਆਰਾ P5 ਦੇ ਅੰਤ ਵਿੱਚ ਅਤੇ P6 ਦੇ ਮੱਧ-ਸਾਲ ਅਤੇ ਅੰਤ ਵਿੱਚ ਆਪਣੇ ਵਿਦਿਆਰਥੀਆਂ ਦੇ IA ਨਤੀਜੇ ਜਮ੍ਹਾਂ ਕਰਾਉਣ ਤੋਂ ਬਾਅਦ, ਕੰਪਿਊਟਰ ਉਪਰੋਕਤ ਸਕੇਲਿੰਗ ਵਿਧੀ ਦੁਆਰਾ IA ਨਤੀਜਿਆਂ ਨੂੰ ਐਡਜਸਟ ਕਰੇਗਾ। ਕੇਂਦਰੀ ਵੰਡ ਕੰਪਿਊਟਰ ਪ੍ਰੋਗਰਾਮ ਖੇਤਰ ਵਿੱਚ ਅਤੇ ਵਿਅਕਤੀਗਤ ਸਕੂਲ ਨੈੱਟਾਂ ਦੇ ਅੰਦਰ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ ਚੱਲੇਗਾ। ਇਸ ਲਈ, ਵਿਦਿਆਰਥੀਆਂ ਦੇ ਖੇਤਰੀ ਬੈਂਡ ਅਤੇ ਨੈੱਟ ਬੈਂਡ ਨੂੰ ਸਿਰਫ਼ ਉਦੋਂ ਹੀ ਅਲਾਟ ਕੀਤੇ ਜਾਂਦੇ ਹਨ ਜਦੋਂ ਕੰਪਿਊਟਰ ਵੰਡ ਪ੍ਰਕਿਰਿਆ ਸ਼ੁਰੂ ਹੁੰਦੀ ਹੈ। ਹੋਰ ਸ਼ਬਦਾਂ ਵਿਚ, <u>**ਸਿਰਫ਼ ਉਹਨਾਂ ਦੇ ਅੰਕਾਂ/ਮੈਰਿਟ ਦੇ ਕ੍ਰਮ ਅਤੇ ਉਸੇ ਸਕੂਲ ਦੇ ਪਿਛਲੇ ਸਮੂਹਾਂ ਦੇ ਵਿਦਿਆਰਥੀਆਂ ਦੇ ਅਕਾਦਮਿਕ ਪ੍ਰਦਰਸ਼ਨ ਦੇ ਆਧਾਰ 'ਤੇ ਵਿਅਕਤੀਗਤ ਵਿਦਿਆਰਥੀਆਂ ਦੇ ਵੰਡ ਬੈਂਡ ਦਾ ਸਹੀ ਅੰਦਾਜ਼ਾ ਲਗਾਉਣਾ ਅਸੰਭਵ ਹੈ। ਵਿਦਿਆਰਥੀਆਂ ਦਾ ਅਸਲ ਵੰਡ ਬੈਂਡ ਸਕੂਲਾਂ ਜਾਂ ਮਾਪਿਆਂ ਦੁਆਰਾ**</u>

**ਕੀਤੇ ਗਏ ਅਨੁਮਾਨਾਂ ਤੋਂ ਵੱਖਰਾ ਹੋ ਸਕਦਾ ਹੈ। ਮਾਪਿਆਂ ਨੂੰ ਸੰਬੰਧਿਤ ਸਕੂਲ ਚੋਣਾਂ ਦੀ ਜਾਣਕਾਰੀ ਦਾ ਹਵਾਲਾ ਦਿੰਦੇ ਸਮੇਂ ਸਮਝਦਾਰੀ ਵਰਤਣੀ ਚਾਹੀਦੀ ਹੈ।**

ਰੈਂਡਮ ਨੰਬਰ

10. ਕੇਂਦਰੀ ਵੰਡ ਪ੍ਰੋਗਰਾਮ ਚਲਾਉਣ ਤੋਂ ਪਹਿਲਾਂ ਕੰਪਿਊਟਰ ਦੁਆਰਾ ਤਿਆਰ ਕੀਤਾ ਗਿਆ ਰੈਂਡਮ ਨੰਬਰ, ਉਸੇ ਵੰਡ ਬੈਂਡ ਦੇ ਅੰਦਰ ਵਿਦਿਆਰਥੀਆਂ ਦੀ ਵੰਡ ਦੇ ਕ੍ਰਮ ਨੂੰ ਅਲਾਟ ਕਰਨ ਲਈ ਵਰਤਿਆ ਜਾਂਦਾ ਹੈ। ਜੇਕਰ ਕਿਸੇ ਖਾਸ ਸੈਕੰਡਰੀ ਸਕੂਲ ਦੇ ਸਕੂਲ ਸਥਾਨਾਂ ਦੀ ਮੰਗ ਸਪਲਾਈ ਤੋਂ ਵੱਧ ਜਾਂਦੀ ਹੈ, ਤਾਂ ਉਸੇ ਵੰਡ ਬੈਂਡ ਦੇ ਅੰਦਰ ਇੱਕ ਛੋਟਾ ਰੈਂਡਮ ਨੰਬਰ ਰੱਖਣ ਵਾਲੇ ਵਿਦਿਆਰਥੀ ਨੂੰ ਪਹਿਲਾਂ ਇੱਕ ਸਥਾਨ ਅਲਾਟ ਕੀਤਾ ਜਾਂਦਾ ਹੈ। ਰੈਂਡਮ ਨੰਬਰ ਦਾ "ਵਿਦਿਆਰਥੀ ਸੰਦਰਭ ਨੰਬਰ" ਜਾਂ ਵਿਦਿਆਰਥੀ ਦੇ ਨਿੱਜੀ ਡੇਟਾ ਨਾਲ ਕੋਈ ਸਬੰਧ ਨਹੀਂ ਹੈ। ਵੰਡ ਪ੍ਰਕਿਰਿਆ ਦੌਰਾਨ, ਹਰੇਕ ਵਿਦਿਆਰਥੀ ਨੂੰ ਸਿਰਫ਼ ਇੱਕ ਰੈਂਡਮ ਨੰਬਰ ਦਿੱਤਾ ਜਾਵੇਗਾ। ਵੰਡ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਰੈਂਡਮ ਨੰਬਰ ਨੂੰ ਬਰਕਰਾਰ ਨਹੀਂ ਰੱਖਿਆ ਜਾਂਦਾ।

ਮਾਪਿਆਂ ਵੱਲੋਂ ਸਕੂਲਾਂ ਅਤੇ ਸਕੂਲ ਨੈੱਟਾਂ ਦੀ ਚੋਣ

11. ਮਾਪੇ ਭਾਗ A "ਅਣ-ਪ੍ਰਤੀਬੰਧਿਤ ਸਕੂਲ ਚੋਣਾਂ" ਵਿੱਚ ਕਿਸੇ ਵੀ ਸਕੂਲ ਨੈੱਟ ਵਿੱਚੋਂ ਵੱਧ ਤੋਂ ਵੱਧ ਤਿੰਨ ਸੈਕੰਡਰੀ ਸਕੂਲ ਅਤੇ ਭਾਗ B "ਪ੍ਰਤੀਬੰਧਿਤ ਸਕੂਲ ਚੋਣਾਂ" ਵਿੱਚ ਵਿਦਿਆਰਥੀ ਦੇ ਸੰਬੰਧਿਤ ਨੈੱਟ ਵਿੱਚੋਂ ਵੱਧ ਤੋਂ ਵੱਧ 30 ਸੈਕੰਡਰੀ ਸਕੂਲ ਚੁਣ ਸਕਦੇ ਹਨ।

12. ਜ਼ਿਲ੍ਹਾ ਪ੍ਰਸ਼ਾਸਨ ਦੀਆਂ ਸੀਮਾਵਾਂ ਦੇ ਅਨੁਸਾਰ, ਪੂਰੇ ਖੇਤਰ ਨੂੰ 18 ਸਕੂਲ ਨੈੱਟਾਂ ਵਿੱਚ ਵੰਡਿਆ ਗਿਆ ਹੈ। ਸਿਧਾਂਤਕ ਤੌਰ 'ਤੇ, ਜਿਨ੍ਹਾਂ ਵਿਦਿਆਰਥੀਆਂ ਦੀਆਂ ਕਰਾਸ-ਨੈੱਟ ਵੰਡ ਲਈ ਅਰਜ਼ੀਆਂ ਮਨਜ਼ੂਰ ਹੋ ਜਾਂਦੀਆਂ ਹਨ, ਉਨ੍ਹਾਂ ਨੂੰ ਛੱਡ ਕੇ, ਜਿਸ ਸਕੂਲ ਨੈੱਟ ਨਾਲ ਵਿਦਿਆਰਥੀ ਸਬੰਧਤ ਹੈ, ਉਹ ਪ੍ਰਾਇਮਰੀ ਸਕੂਲ ਦੇ ਸਥਾਨ ਦੁਆਰਾ ਅਲਾਟ ਕੀਤਾ ਜਾਂਦਾ ਹੈ ਜਿਸ ਵਿੱਚ ਵਿਦਿਆਰਥੀ ਦਾਖਲ ਹੈ, ਨਾ ਕਿ ਉਸ ਜ਼ਿਲ੍ਹੇ ਦੇ ਆਧਾਰ 'ਤੇ ਜਿੱਥੇ ਵਿਦਿਆਰਥੀ ਰਹਿੰਦਾ ਹੈ। ਹਰੇਕ ਸਕੂਲ ਨੈੱਟ ਵਿੱਚ ਜ਼ਿਲ੍ਹੇ ਵਿੱਚ ਭੌਤਿਕ ਤੌਰ 'ਤੇ ਸਥਿਤ ਸਾਰੇ ਭਾਗੀਦਾਰ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਅਤੇ ਨੈੱਟ ਲਈ ਸਕੂਲ ਸਥਾਨ ਪ੍ਰਦਾਨ ਕਰਨ ਵਾਲੇ ਦੂਜੇ ਜ਼ਿਲ੍ਹਿਆਂ ਦੇ ਸੈਕੰਡਰੀ ਸਕੂਲ ਸ਼ਾਮਲ ਹੁੰਦੇ ਹਨ। ਦੂਜੇ ਜ਼ਿਲ੍ਹਿਆਂ ਦੇ ਸੈਕੰਡਰੀ ਸਕੂਲ ਅਤੇ ਉਨ੍ਹਾਂ ਵੱਲੋਂ ਪ੍ਰਦਾਨ ਕੀਤੇ ਜਾਣ ਵਾਲੇ ਸਕੂਲ ਸਥਾਨ ਸਾਲ-ਦਰ-ਸਾਲ ਵੱਖ-ਵੱਖ ਹੋ ਸਕਦੇ ਹਨ।

ਸਕੂਲ ਸਥਾਨਾਂ ਦੀ ਵੰਡ ਪ੍ਰਕਿਰਿਆ

13. CA ਵਿਖੇ, ਭਾਗ A ਵਿੱਚ "ਅਣ-ਪ੍ਰਤੀਬੰਧਿਤ ਸਕੂਲ ਚੋਣਾਂ" ਪਹਿਲਾਂ ਪ੍ਰਕਿਰਿਆ ਕੀਤੀ ਜਾਂਦੀ ਹੈ, ਉਸ ਤੋਂ ਬਾਅਦ ਭਾਗ B ਵਿੱਚ "ਪ੍ਰਤੀਬੰਧਿਤ ਸਕੂਲ ਚੋਣਾਂ" ਦੀ ਪ੍ਰਕਿਰਿਆ ਕੀਤੀ ਜਾਂਦੀ ਹੈ।

14. ਭਾਗ A ਵਿੱਚ "ਅਣ-ਪ੍ਰਤੀਬੰਧਿਤ ਸਕੂਲ ਚੋਣਾਂ" ਦੀ ਪ੍ਰਕਿਰਿਆ ਕਰਦੇ ਸਮੇਂ, ਕੰਪਿਊਟਰ ਪਹਿਲਾਂ ਟੈਰੀਟਰੀ ਬੈਂਡ 1 ਵਿੱਚ ਵਿਦਿਆਰਥੀਆਂ ਨੂੰ ਸਕੂਲ ਸਥਾਨ ਦੀ ਵੰਡ ਕਰੇਗਾ। ਵੰਡ ਪ੍ਰਕਿਰਿਆ ਇਹ ਹੈ: ਕੰਪਿਊਟਰ ਪਹਿਲਾਂ ਟੈਰੀਟਰੀ ਬੈਂਡ 1 ਦੇ ਵਿਦਿਆਰਥੀਆਂ ਦੁਆਰਾ ਕੀਤੀਆਂ ਗਈਆਂ "ਅਣ-ਪ੍ਰਤੀਬੰਧਿਤ ਸਕੂਲ ਚੋਣਾਂ" ਦੇ ਤਹਿਤ ਪਹਿਲੀਆਂ ਸਕੂਲ ਚੋਣਾਂ ਦੀ ਜਾਂਚ ਕਰਦਾ ਹੈ ਅਤੇ ਵਿਦਿਆਰਥੀਆਂ ਨੂੰ ਅਣ-ਪ੍ਰਤੀਬੰਧਿਤ ਵੰਡ ਲਈ ਅਲਾਟ ਸਕੂਲ ਸਥਾਨਾਂ ਨੂੰ ਭਰਨ ਲਈ ਵੰਡ ਕਰੇਗਾ। ਜੇਕਰ ਕਿਸੇ ਸਕੂਲ ਵਿੱਚ ਉਪਲਬਧ ਸਥਾਨ ਉਸ ਸਕੂਲ ਨੂੰ ਪਹਿਲੀ ਪਸੰਦ ਵਜੋਂ ਚੁਣਨ ਵਾਲੇ ਵਿਦਿਆਰਥੀਆਂ ਨਾਲੋਂ ਵੱਧ ਹਨ, ਤਾਂ ਉਸ ਸਕੂਲ ਨੂੰ ਪਹਿਲੀ ਪਸੰਦ ਵਜੋਂ ਚੁਣਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਇਸ ਨੂੰ ਅਲਾਟ ਕੀਤਾ ਜਾਵੇਗਾ। ਜੇਕਰ ਕਿਸੇ ਸਕੂਲ ਨੂੰ ਆਪਣੀ ਪਹਿਲੀ ਪਸੰਦ ਵਜੋਂ ਚੁਣਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਉਪਲਬਧ ਥਾਵਾਂ ਤੋਂ ਵੱਧ ਹੈ, ਤਾਂ ਛੋਟੇ ਰੈਂਡਮ ਸੰਖਿਆਵਾਂ ਵਾਲੇ ਵਿਦਿਆਰਥੀਆਂ ਨੂੰ ਉਸ ਸਕੂਲ ਦੀਆਂ ਥਾਵਾਂ ਭਰਨ ਲਈ ਅਲਾਟ ਕੀਤਾ ਜਾਵੇਗਾ। ਟੈਰੀਟਰੀ ਬੈਂਡ 1 ਵਿੱਚ ਸਾਰੇ ਵਿਦਿਆਰਥੀਆਂ ਦੀਆਂ ਪਹਿਲੀਆਂ ਚੋਣਾਂ ਦੀ ਪ੍ਰਕਿਰਿਆ ਕਰਨ ਤੋਂ ਬਾਅਦ, ਕੰਪਿਊਟਰ ਉਸੇ ਪ੍ਰਕਿਰਿਆ ਨਾਲ ਬੈਂਡ ਵਿੱਚ ਅਣ-ਪ੍ਰਤੀਬੰਧਿਤ ਵਿਦਿਆਰਥੀਆਂ ਦੀਆਂ ਦੂਜੀਆਂ ਚੋਣਾਂ (ਜੇ ਕੋਈ ਹਨ) ਦੀ ਜਾਂਚ ਕਰੇਗਾ ਅਤੇ ਅੰਤ ਵਿੱਚ, ਉਨ੍ਹਾਂ ਦੀਆਂ ਤੀਜੀਆਂ ਚੋਣਾਂ (ਜੇ ਕੋਈ ਹਨ) ਦੀ ਜਾਂਚ ਕਰੇਗਾ। ਜਦੋਂ ਟੈਰੀਟਰੀ ਬੈਂਡ 1 ਦੇ ਵਿਦਿਆਰਥੀਆਂ ਦੀਆਂ ਸਾਰੀਆਂ ਸਕੂਲ ਚੋਣਾਂ ਦੀ ਜਾਂਚ ਕੀਤੀ ਜਾਂਦੀ ਹੈ, ਤਾਂ ਕੰਪਿਊਟਰ ਟੈਰੀਟਰੀ ਬੈਂਡ 2 ਅਤੇ ਅੰਤ ਵਿੱਚ ਟੈਰੀਟਰੀ ਬੈਂਡ 3 ਦੇ ਵਿਦਿਆਰਥੀਆਂ ਦੀਆਂ ਚੋਣਾਂ ਦੀ ਪ੍ਰਕਿਰਿਆ ਕਰਨ ਲਈ ਉਸੇ ਪ੍ਰਕਿਰਿਆ ਦੀ ਪਾਲਣਾ ਕਰੇਗਾ।

15. ਕੰਪਿਊਟਰ ਭਾਗ A ਵਿੱਚ ਸਾਰੇ ਵਿਦਿਆਰਥੀਆਂ ਦੁਆਰਾ ਕੀਤੀਆਂ ਗਈਆਂ ਚੋਣਾਂ ਦੀ ਪ੍ਰਕਿਰਿਆ ਤੋਂ ਬਾਅਦ ਹੀ ਭਾਗ B ਵਿੱਚ "ਪ੍ਰਤੀਬੰਧਿਤ ਸਕੂਲ ਚੋਣਾਂ" ਦੀ ਪ੍ਰਕਿਰਿਆ ਕਰਨ ਲਈ ਅੱਗੇ ਵਧੇਗਾ। ਭਾਗ A ਵਿੱਚ ਸਕੂਲ ਸਥਾਨ ਪ੍ਰਾਪਤ ਕਰਨ ਵਿੱਚ ਸਫਲ ਵਿਦਿਆਰਥੀਆਂ ਨੂੰ ਭਾਗ B ਵਿੱਚ ਕੋਈ ਸਥਾਨ ਨਹੀਂ ਦਿੱਤਾ ਜਾਂਦਾ। ਜੇਕਰ ਵਿਦਿਆਰਥੀਆਂ ਨੂੰ ਭਾਗ A ਵਿੱਚ ਉਨ੍ਹਾਂ ਦੀਆਂ ਸਾਰੀਆਂ ਸਕੂਲ ਚੋਣਾਂ ਖਤਮ ਹੋਣ ਤੋਂ ਬਾਅਦ ਸਕੂਲ ਸਥਾਨ ਨਹੀਂ ਮਿਲਦਾ, ਤਾਂ ਉਨ੍ਹਾਂ ਨੂੰ ਭਾਗ B ਵਿੱਚ ਸਕੂਲ ਸਥਾਨ ਕੀਤਾ ਜਾਂਦਾ ਹੈ।

16. ਭਾਗ B ਵਿੱਚ ਸਕੂਲ ਸਥਾਨਾਂ ਦੀ ਵੰਡ ਸਕੂਲ ਨੈੱਟ ਦੁਆਰਾ ਕੀਤੀ ਜਾਂਦੀ ਹੈ। ਇਸ ਭਾਗ ਵਿੱਚ "ਪ੍ਰਤੀਬੰਧਿਤ ਸਕੂਲ ਚੋਣਾਂ" ਦੀ ਪ੍ਰਕਿਰਿਆ ਕਰਦੇ ਸਮੇਂ, ਕੰਪਿਊਟਰ ਪਹਿਲਾਂ ਨੈੱਟ ਬੈਂਡ 1 ਵਿੱਚ ਵਿਦਿਆਰਥੀਆਂ ਨੂੰ ਸਕੂਲ ਸਥਾਨ ਅਲਾਟ ਕਰੇਗਾ। ਵੰਡ ਪ੍ਰਕਿਰਿਆ ਇਹ ਹੈ: ਕੰਪਿਊਟਰ ਨੈੱਟ ਬੈਂਡ 1 ਦੇ ਵਿਦਿਆਰਥੀਆਂ ਦੁਆਰਾ ਕੀਤੀਆਂ ਗਈਆਂ ਪਹਿਲੀਆਂ ਸਕੂਲ ਚੋਣਾਂ ਦੀ ਜਾਂਚ ਕਰੇਗਾ। ਜੇਕਰ ਕਿਸੇ ਸਕੂਲ ਵਿੱਚ ਪ੍ਰਤਿਬੰਧਿਤ ਵੰਡ ਲਈ ਨਿਰਧਾਰਤ ਸਥਾਨ ਸਕੂਲ ਚੁਣਨ ਵਾਲੇ ਵਿਦਿਆਰਥੀਆਂ ਨਾਲੋਂ ਵੱਧ ਹਨ, ਤਾਂ ਉਸ ਸਕੂਲ ਨੂੰ ਪਹਿਲੀ ਪਸੰਦ ਵਜੋਂ ਚੁਣਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਇਸ ਨੂੰ ਅਲਾਟ ਕੀਤਾ ਜਾਵੇਗਾ। ਜੇਕਰ ਉਸੇ ਨੈੱਟ ਬੈਂਡ ਵਿੱਚ ਇੱਕ ਸਕੂਲ ਨੂੰ ਆਪਣੀ ਪਹਿਲੀ ਪਸੰਦ ਵਜੋਂ ਚੁਣਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਉਪਲਬਧ ਸਥਾਨਾਂ ਤੋਂ ਵੱਧ ਹੈ, ਤਾਂ ਛੋਟੇ ਰੈਂਡਮ ਸੰਖਿਆਵਾਂ ਵਾਲੇ ਵਿਦਿਆਰਥੀਆਂ ਨੂੰ ਪਹਿਲਾਂ ਅਲਾਟ ਕੀਤਾ ਜਾਵੇਗਾ, ਜਦੋਂ ਤੱਕ ਇਸ ਭਾਗ ਵਿੱਚ ਉਸ ਸਕੂਲ ਦੇ ਸਥਾਨ ਪੂਰੀ ਤਰ੍ਹਾਂ ਭਰ ਨਹੀਂ ਜਾਂਦੇ। ਜਦੋਂ ਨੈੱਟ ਬੈਂਡ 1 ਦੇ ਸਾਰੇ ਵਿਦਿਆਰਥੀਆਂ ਦੀਆਂ ਪਹਿਲੀਆਂ ਚੋਣਾਂ ਦੀ ਪ੍ਰਕਿਰਿਆ ਹੋ ਜਾਂਦੀ ਹੈ, ਤਾਂ ਕੰਪਿਊਟਰ ਬੈਂਡ ਵਿੱਚ ਅਣ-ਨਿਰਧਾਰਤ ਵਿਦਿਆਰਥੀਆਂ ਦੀਆਂ ਦੂਜੀਆਂ ਚੋਣਾਂ ਦੀ ਉਸੇ ਪ੍ਰਕਿਰਿਆ ਨਾਲ ਜਾਂਚ ਕਰੇਗਾ ਅਤੇ ਇਹ ਪ੍ਰਕਿਰਿਆ ਉਦੋਂ ਤੱਕ ਦੁਹਰਾਈ ਜਾਵੇਗੀ ਜਦੋਂ ਤੱਕ ਨੈੱਟ ਬੈਂਡ 1 ਦੇ ਵਿਦਿਆਰਥੀਆਂ ਦੀਆਂ ਸਾਰੀਆਂ ਸਕੂਲ ਚੋਣਾਂ ਦੀ ਜਾਂਚ ਨਹੀਂ ਹੋ ਜਾਂਦੀ। ਜਿਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸਾਰੀਆਂ ਸਕੂਲ ਚੋਣਾਂ ਖਤਮ ਹੋਣ ਤੋਂ ਬਾਅਦ ਸਥਾਨ ਨਹੀਂ ਮਿਲਦਾ, ਕੰਪਿਊਟਰ ਉਨ੍ਹਾਂ ਨੂੰ ਸਕੂਲ ਨੈੱਟ ਵਿੱਚ ਉਪਲਬਧ ਸੈਕੰਡਰੀ ਸਕੂਲਾਂ[2] ਦੇ ਬਾਕੀ ਸਥਾਨਾਂ ਵਿੱਚੋਂ ਇੱਕ ਸਥਾਨ ਅਲਾਟ ਕਰੇਗਾ। ਜਦੋਂ ਨੈੱਟ ਬੈਂਡ 1 ਦੇ ਸਾਰੇ ਵਿਦਿਆਰਥੀਆਂ ਨੂੰ ਸਕੂਲ ਸਥਾਨ ਅਲਾਟ ਕਰ ਦਿੱਤੇ ਜਾਂਦੇ ਹਨ, ਤਾਂ ਕੰਪਿਊਟਰ ਨੈੱਟ ਬੈਂਡ 2 ਅਤੇ ਅੰਤ ਵਿੱਚ ਨੈੱਟ ਬੈਂਡ 3 ਦੇ ਵਿਦਿਆਰਥੀਆਂ ਦੀਆਂ ਸਕੂਲ ਚੋਣਾਂ ਦੀ ਪ੍ਰਕਿਰਿਆ ਕਰਨ ਲਈ ਉਸੇ ਪ੍ਰਕਿਰਿਆ ਦੀ ਪਾਲਣਾ ਕਰੇਗਾ।

## ਵੰਡ ਪ੍ਰਕਿਰਿਆ ਦੀ ਉਦਾਹਰਨ

17. CA ਪੜਾਅ 'ਤੇ ਵੰਡ ਪ੍ਰਕਿਰਿਆ ਬਾਰੇ ਵਿਆਖਿਆ ਲਈ, ਕਿਰਪਾ ਕਰਕੇ EDB ਹੋਮਪੇਜ (https://www.edb.gov.hk/en/edu-system/primary-secondary/spa-systems/secondary-spa/general-info/video_on_the_sspa_system.html) 'ਤੇ ਅੱਪਲੋਡ ਕੀਤੀ ਗਈ ਸੰਬੰਧਿਤ ਵੀਡੀਓ ਵੇਖੋ।

CA ਪੜਾਅ 'ਤੇ ਵੰਡ ਪ੍ਰਕਿਰਿਆ ਬਾਰੇ ਵੀਡੀਓ

[2] ਡਾਇਰੈਕਟ ਸਬਸਿਡੀ ਸਕੀਮ ਵਾਲੇ ਸਕੂਲਾਂ ਅਤੇ "ਵਿਦਿਆਰਥੀਆਂ ਨੂੰ ਇਸ ਸਕੂਲ ਵਿੱਚ ਉਦੋਂ ਤੱਕ ਅਲਾਟ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਇਸਨੂੰ ਆਪਣੀਆਂ ਚੋਣਾਂ ਵਿੱਚ ਸ਼ਾਮਲ ਨਹੀਂ ਕਰਦੇ" ਟਿੱਪਣੀ ਵਾਲੇ ਸਕੂਲਾਂ ਨੂੰ ਛੱਡ ਕੇ।

18. ਹੇਠਾਂ ਵੰਡ ਪ੍ਰਕਿਰਿਆ ਦਾ ਇੱਕ ਸਰਲ ਉਦਾਹਰਨ ਦਿੱਤਾ ਗਿਆ ਹੈ:

ਵਿਦਿਆਰਥੀ

| | | |
|---|---|---|
| • ਨਾਮ: | CHAN Si Ming | |
| • ਟੈਰੀਟਰੀ ਬੈਂਡ : | ਬੈਂਡ 1 | |
| • ਸਕੂਲ ਨੈੱਟ: | HK3 | |
| • ਨੈੱਟ ਬੈਂਡ: | ਬੈਂਡ 1 | |
| • ਸਕੂਲ ਦੀਆਂ ਚੋਣਾਂ : | | |
| ਭਾਗ A (ਵੱਧ ਤੋਂ ਵੱਧ: 3 ਸਕੂਲ) | ਪਹਿਲੀ ਚੋਣ: | ਸਕੂਲ A |
| | ਦੂਜੀ ਚੋਣ: | ਸਕੂਲ B |
| | ਤੀਜੀ ਚੋਣ: | ਸਕੂਲ C |
| ਭਾਗ B (ਵੱਧ ਤੋਂ ਵੱਧ: 30 ਸਕੂਲ) | ਪਹਿਲੀ ਚੋਣ: | ਸਕੂਲ B |
| | ਦੂਜੀ ਚੋਣ: | ਸਕੂਲ D |
| | ਤੀਜੀ ਚੋਣ: | ਸਕੂਲ E |
| | ⋮ | ⋮ |

ਭਾਗ A “ਅਣ-ਪ੍ਰਤੀਬੰਧਿਤ ਸਕੂਲ ਚੋਣਾਂ”

| | |
|---|---|
| • ਟੈਰੀਟਰੀ ਬੈਂਡ 1 ਦੇ ਵਿਦਿਆਰਥੀਆਂ ਦੀ ਗਿਣਤੀ: | 25 000 |
| • ਸਕੂਲ A ਨੂੰ ਪਹਿਲੀ ਪਸੰਦ ਵਜੋਂ ਚੁਣਨ ਵਾਲੇ ਟੈਰੀਟਰੀ ਬੈਂਡ 1 ਦੇ ਵਿਦਿਆਰਥੀਆਂ ਦੀ ਗਿਣਤੀ: | 350 |
| • ਸਕੂਲ A ਵਿੱਚ ਅਣ-ਪ੍ਰਤੀਬੰਧਿਤ ਸਕੂਲ ਚੋਣਾਂ ਲਈ ਉਪਲਬਧ ਸਕੂਲ ਸਥਾਨਾਂ ਦੀ ਗਿਣਤੀ: | 15 |

19. ਇਹ ਮੰਨਦੇ ਹੋਏ ਕਿ CA ਪੜਾਅ 'ਤੇ ਭਾਗ A ਵਿੱਚ 350 ਟੈਰੀਟਰੀ ਬੈਂਡ 1 ਦੇ ਵਿਦਿਆਰਥੀ ਸਕੂਲ A ਨੂੰ ਆਪਣੀ ਪਹਿਲੀ ਪਸੰਦ ਵਜੋਂ ਚੁਣ ਰਹੇ ਹਨ। ਕਿਉਂਕਿ ਸਕੂਲ A ਸਿਰਫ਼ 15 ਸਕੂਲ ਸਥਾਨਾਂ ਦੀ ਪੇਸ਼ਕਸ਼ ਕਰ ਸਕਦਾ ਹੈ, ਕੰਪਿਊਟਰ ਪਹਿਲੇ 15 ਵਿਦਿਆਰਥੀਆਂ ਨੂੰ ਸਕੂਲ A ਵਿੱਚ ਸਥਾਨਾਂ ਨੂੰ ਉਨ੍ਹਾਂ ਦੇ ਰੈਂਡਮ ਨੰਬਰਾਂ ਦੇ ਕ੍ਰਮ ਵਿੱਚ ਭਰਨ ਲਈ ਅਲਾਟ ਕਰੇਗਾ। ਜੇਕਰ CHAN Si Ming ਦਾ ਰੈਂਡਮ ਨੰਬਰ ਪਹਿਲੇ 15 ਵਿਦਿਆਰਥੀਆਂ ਵਿੱਚੋਂ ਹੈ, ਤਾਂ ਉਸਨੂੰ ਸਕੂਲ A ਨੂੰ ਅਲਾਟ ਕੀਤਾ ਜਾਵੇਗਾ। ਨਹੀਂ ਤਾਂ, ਉਹ ਆਪਣੀ ਪਹਿਲੀ ਪਸੰਦ ਦੇ ਸਕੂਲ ਵਿੱਚ ਸਥਾਨ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਹੋਵੇਗਾ। ਕੰਪਿਊਟਰ ਟੈਰੀਟਰੀ ਬੈਂਡ 1 ਦੇ ਸਾਰੇ ਵਿਦਿਆਰਥੀਆਂ ਦੀਆਂ ਪਹਿਲੀਆਂ ਚੋਣਾਂ ਨੂੰ CHAN Si Ming ਅਤੇ ਟੈਰੀਟਰੀ ਬੈਂਡ 1 ਦੇ ਹੋਰ ਅਣ-ਨਿਰਧਾਰਤ ਵਿਦਿਆਰਥੀਆਂ ਦੀ ਦੂਜੀ ਪਸੰਦ ਤੋਂ ਪਹਿਲਾਂ ਪ੍ਰਕਿਰਿਆ ਕਰੇਗਾ।

20. ਮੰਨ ਲਓ ਕਿ 15000 ਟੈਰੀਟਰੀ ਬੈਂਡ 1 ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪਹਿਲੀ ਪਸੰਦ ਦੇ ਸਕੂਲ ਸਥਾਨ ਨਹੀਂ ਦਿੱਤੇ ਗਏ ਹਨ। ਉਨ੍ਹਾਂ ਵਿੱਚੋਂ, 300 (CHAN Si Ming ਸਮੇਤ) ਸਕੂਲ B ਨੂੰ ਆਪਣੀ ਦੂਜੀ ਪਸੰਦ ਵਜੋਂ ਚੁਣਦੇ ਹਨ। ਜੇਕਰ ਪਹਿਲੇ ਦੌਰ ਦੀ ਵੰਡ ਤੋਂ ਬਾਅਦ ਸਕੂਲ B ਵਿੱਚ ਸਿਰਫ਼ ਦੋ ਸਥਾਨ ਖਾਲੀ ਹਨ, ਤਾਂ ਕੰਪਿਊਟਰ ਇਹਨਾਂ ਸਥਾਨਾਂ ਨੂੰ ਸਭ ਤੋਂ ਛੋਟੇ ਰੈਂਡਮ ਨੰਬਰਾਂ ਵਾਲੇ ਦੋ ਵਿਦਿਆਰਥੀਆਂ ਨੂੰ ਅਲਾਟ ਕਰੇਗਾ। ਜੇਕਰ CHAN Si Ming ਦਾ ਰੈਂਡਮ ਨੰਬਰ ਇਨ੍ਹਾਂ ਦੋ ਵਿਦਿਆਰਥੀਆਂ ਵਿੱਚੋਂ ਨਹੀਂ ਹੈ, ਤਾਂ ਉਸਨੂੰ ਸਕੂਲ B ਨੂੰ ਅਲਾਟ ਨਹੀਂ ਕੀਤਾ ਜਾਵੇਗਾ। ਟੈਰੀਟਰੀ ਬੈਂਡ 1 ਦੇ ਵਿਦਿਆਰਥੀਆਂ ਦੀਆਂ ਸਾਰੀਆਂ ਦੂਜੀਆਂ ਪਸੰਦਾਂ ਦੀ ਪ੍ਰਕਿਰਿਆ ਤੋਂ ਬਾਅਦ ਕੰਪਿਊਟਰ ਅਣ-ਨਿਰਧਾਰਤ ਵਿਦਿਆਰਥੀਆਂ ਦੀਆਂ ਤੀਜੀਆਂ ਪਸੰਦਾਂ ਦੀ ਪ੍ਰਕਿਰਿਆ ਕਰਨ ਲਈ ਉੱਪਰ ਦੱਸੀ ਗਈ ਪ੍ਰਕਿਰਿਆ ਦੀ ਪਾਲਣਾ ਕਰਨਾ ਜਾਰੀ ਰੱਖੇਗਾ। ਜੇਕਰ ਤੀਜੇ ਦੌਰ ਦੀ ਵੰਡ ਤੋਂ ਪਹਿਲਾਂ CHAN Si Ming ਦੇ ਸਕੂਲ ਦੇ ਸਾਰੇ ਸਥਾਨ ਪਹਿਲਾਂ ਹੀ ਭਰੇ ਜਾ ਚੁੱਕੇ ਹਨ, ਤਾਂ CHAN Si Ming ਨੂੰ ਭਾਗ A ਦੇ ਅਧੀਨ ਸਥਾਨ ਨਹੀਂ ਦਿੱਤਾ ਜਾਵੇਗਾ ਅਤੇ ਉਸਨੂੰ ਭਾਗ B ਵਿੱਚ ਇੱਕ ਸਕੂਲ ਸਥਾਨ ਅਲਾਟ ਕੀਤਾ ਜਾਵੇਗਾ ਜਿੱਥੇ ਉਸਦੇ "ਪ੍ਰਤੀਬੰਧਿਤ ਸਕੂਲ ਚੋਣਾਂ" ਦੀ ਪ੍ਰਕਿਰਿਆ ਕੀਤੀ ਜਾਵੇਗੀ।

ਭਾਗ B "ਪ੍ਰਤੀਬੰਧਿਤ ਸਕੂਲ ਚੋਣਾਂ"

| | |
|---|---|
| • ਵਿਦਿਆਰਥੀ ਦਾ ਸਕੂਲ ਨੈੱਟ: | HK3 |
| • HK3 ਵਿੱਚ ਨੈੱਟ ਬੈਂਡ 1 ਦੇ ਵਿਦਿਆਰਥੀਆਂ ਦੀ ਗਿਣਤੀ: | 1 000 |
| • HK3 ਵਿੱਚ ਨੈੱਟ ਬੈਂਡ 1 ਦੇ ਵਿਦਿਆਰਥੀਆਂ ਦੀ ਗਿਣਤੀ ਜੋ ਸਕੂਲ B ਨੂੰ ਪਹਿਲੀ ਪਸੰਦ ਵਜੋਂ ਚੁਣਦੇ ਹਨ: | 150 |
| • HK3 ਲਈ ਸਕੂਲ B ਵਿੱਚ ਉਪਲਬਧ ਸਥਾਨਾਂ ਦੀ ਗਿਣਤੀ: | 100 |

21. ਭਾਗ A ਵਿੱਚ ਸਾਰੇ ਵਿਦਿਆਰਥੀਆਂ ਦੇ "ਅਣ-ਪ੍ਰਤੀਬੰਧਿਤ ਸਕੂਲ ਚੋਣਾਂ" ਦੀ ਜਾਂਚ ਕਰਨ ਤੋਂ ਬਾਅਦ, ਕੰਪਿਊਟਰ ਭਾਗ B ਵਿੱਚ "ਪ੍ਰਤੀਬੰਧਿਤ ਸਕੂਲ ਚੋਣਾਂ" ਦੀ ਪ੍ਰਕਿਰਿਆ ਸ਼ੁਰੂ ਕਰੇਗਾ। ਮੰਨ ਲਓ ਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਭਾਗ A ਵਿੱਚ ਸਥਾਨ ਅਲਾਟ ਨਹੀਂ ਕੀਤੇ ਗਏ ਹਨ, ਸਕੂਲ ਨੈੱਟ HK3 ਵਿੱਚ 150 ਨੈੱਟ ਬੈਂਡ 1 ਵਿਦਿਆਰਥੀ (CHAN Si Ming ਸਮੇਤ) ਹਨ ਜੋ ਸਕੂਲ B ਨੂੰ ਆਪਣੀ ਪਹਿਲੀ ਪਸੰਦ ਵਜੋਂ ਚੁਣ ਰਹੇ ਹਨ। ਜੇਕਰ ਸਕੂਲ B ਸਕੂਲ ਨੈੱਟ ਵਿੱਚ ਵਿਦਿਆਰਥੀਆਂ ਲਈ ਸਿਰਫ਼ 100 ਸਕੂਲ ਸਥਾਨਾਂ ਦੀ ਪੇਸ਼ਕਸ਼ ਕਰ ਸਕਦਾ ਹੈ, ਤਾਂ ਕੰਪਿਊਟਰ ਵਿਦਿਆਰਥੀਆਂ ਦੇ ਰੈਂਡਮ ਨੰਬਰਾਂ ਦੇ ਕ੍ਰਮ ਵਿੱਚ 100 ਵਿਦਿਆਰਥੀਆਂ ਨੂੰ ਸਕੂਲ B ਨੂੰ ਅਲਾਟ ਕਰੇਗਾ। ਜੇਕਰ CHAN Si Ming ਦਾ ਰੈਂਡਮ ਨੰਬਰ ਪਹਿਲੇ 100 ਵਿਦਿਆਰਥੀਆਂ ਵਿੱਚੋਂ ਹੈ, ਤਾਂ ਉਸਨੂੰ ਸਕੂਲ B ਨੂੰ ਅਲਾਟ ਕੀਤਾ ਜਾਵੇਗਾ। ਨਹੀਂ ਤਾਂ, ਉਹ ਆਪਣੀ ਪਹਿਲੀ ਪਸੰਦ ਦੇ ਸਕੂਲ ਵਿੱਚ ਸਥਾਨ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਹੋਵੇਗਾ। ਜੇਕਰ CHAN Si Ming ਨੂੰ ਉਸਦੀ ਪਹਿਲੀ ਪਸੰਦ ਵਿੱਚ ਅਲਾਟ ਨਹੀਂ ਕੀਤਾ ਜਾਂਦਾ ਹੈ, ਤਾਂ ਉਸਦੀ ਦੂਜੀ ਪਸੰਦ, ਉਸੇ ਨੈੱਟ ਬੈਂਡ ਵਿੱਚ ਅਣ-ਨਿਰਧਾਰਤ ਵਿਦਿਆਰਥੀਆਂ ਦੇ ਨਾਲ, ਸਾਰੇ ਨੈੱਟ ਬੈਂਡ 1 ਵਿਦਿਆਰਥੀਆਂ ਦੀਆਂ ਪਹਿਲੀਆਂ ਚੋਣਾਂ ਦੀ ਜਾਂਚ ਕੀਤੇ ਜਾਣ ਤੋਂ ਬਾਅਦ ਪ੍ਰਕਿਰਿਆ ਕੀਤੀ ਜਾਵੇਗੀ। ਮੰਨ ਲਓ ਕਿ 400 ਨੈੱਟ ਬੈਂਡ 1 ਦੇ ਵਿਦਿਆਰਥੀਆਂ ਨੂੰ ਪਹਿਲੀ ਪਸੰਦ ਦੇ ਸਥਾਨ ਨਹੀਂ ਦਿੱਤੇ ਗਏ ਹਨ ਅਤੇ ਉਨ੍ਹਾਂ ਵਿੱਚੋਂ 30 (CHAN Si Ming ਸਮੇਤ) ਸਕੂਲ D ਨੂੰ ਆਪਣੀ ਦੂਜੀ ਪਸੰਦ ਵਜੋਂ ਚੁਣਦੇ ਹਨ। ਇਹ ਮੰਨ ਕੇ ਕਿ ਸਕੂਲ D ਕੋਲ ਪਹਿਲੇ ਦੌਰ ਦੀ ਵੰਡ ਤੋਂ ਬਾਅਦ ਸਿਰਫ਼ 10 ਸਥਾਨ ਬਾਕੀ ਹਨ, ਕੰਪਿਊਟਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਰੈਂਡਮ ਨੰਬਰਾਂ ਦੇ ਆਧਾਰ 'ਤੇ ਸਥਾਨ ਅਲਾਟ ਕਰੇਗਾ। ਜੇਕਰ CHAN Si Ming ਸਕੂਲ D ਵਿੱਚ ਸਥਾਨ ਪ੍ਰਾਪਤ ਕਰਨ ਵਿੱਚ ਸਫਲ ਨਹੀਂ ਹੁੰਦਾ ਕਿਉਂਕਿ ਉਹ ਸਭ ਤੋਂ ਛੋਟੀਆਂ ਰੈਂਡਮ ਨੰਬਰਾਂ ਵਾਲੇ 10 ਵਿਦਿਆਰਥੀਆਂ ਵਿੱਚੋਂ ਨਹੀਂ ਹੈ, ਤਾਂ ਕੰਪਿਊਟਰ ਉਸੇ ਨੈੱਟ ਬੈਂਡ ਵਿੱਚ CHAN Si Ming ਅਤੇ ਹੋਰ ਅਣ-ਨਿਰਧਾਰਤ ਵਿਦਿਆਰਥੀਆਂ ਦੀਆਂ ਤੀਜੀਆਂ ਚੋਣਾਂ ਦੀ ਪ੍ਰਕਿਰਿਆ ਕਰਨ ਲਈ ਉੱਪਰ ਦੱਸੀ ਗਈ ਪ੍ਰਕਿਰਿਆ ਦੀ ਪਾਲਣਾ ਕਰੇਗਾ, ਅਤੇ ਇਸ ਤਰ੍ਹਾਂ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਉਨ੍ਹਾਂ ਨੂੰ ਸਕੂਲ ਸਥਾਨ ਅਲਾਟ ਨਹੀਂ ਕੀਤੇ ਜਾਂਦੇ।

22. ਮੰਨ ਲਓ ਕਿ CHAN Si Ming ਦਾ ਸਕੂਲ ਦਾ ਸਾਥੀ LEE Siu Man ਵੀ ਟੈਰੀਟਰੀ ਬੈਂਡ 1 ਅਤੇ ਨੈੱਟ ਬੈਂਡ 1 ਵਿੱਚ ਹੈ ਅਤੇ ਉਸਨੇ CHAN Si Ming ਵਾਂਗ ਇੱਕੋ ਜਿਹੇ ਸਕੂਲ ਚੋਣਾਂ ਕੀਤੀਆਂ ਹਨ। ਕਿਉਂਕਿ ਉਸੇ ਟੈਰੀਟਰੀ ਜਾਂ ਨੈੱਟ ਬੈਂਡ ਦੇ ਅੰਦਰ ਵੰਡ ਦਾ ਕ੍ਰਮ ਵਿਦਿਆਰਥੀਆਂ ਦੇ ਰੈਂਡਮ ਸੰਖਿਆਵਾਂ ਦੁਆਰਾ ਅਲਾਟ ਕੀਤਾ ਜਾਂਦਾ ਹੈ, CHAN Si Ming ਨੂੰ LEE Siu Man ਨਾਲੋਂ ਘੱਟ ਤਰਜੀਹ ਵਾਲੇ ਸਕੂਲ ਵਿੱਚ ਅਲਾਟ ਕੀਤਾ ਜਾ ਸਕਦਾ ਹੈ ਭਾਵੇਂ CHAN ਦੇ LEE ਨਾਲੋਂ ਬਿਹਤਰ IA ਨਤੀਜੇ ਹੋਣ। ਇਹ ਸੈਕੰਡਰੀ ਸਕੂਲਾਂ ਵਿੱਚ ਮਿਸ਼ਰਤ ਯੋਗਤਾ ਅਧਿਆਪਨ ਦੀ ਭਾਵਨਾ ਦੇ ਅਨੁਸਾਰ ਹੈ।

ਫੀਡਰ ਅਤੇ ਨਾਮਜ਼ਦ ਸਕੂਲ

23. ਇੱਕ ਫੀਡਰ/ਨਾਮਜ਼ਦ ਸੈਕੰਡਰੀ ਸਕੂਲ ਨੂੰ, ਰੀਪੀਟਰਾਂ ਅਤੇ DP ਲਈ ਸਥਾਨਾਂ ਦੀ ਕਟੌਤੀ ਤੋਂ ਬਾਅਦ, ਬਾਕੀ ਬਚੇ ਸਥਾਨਾਂ ਦਾ 85%/25% ਆਪਣੇ ਲਿੰਕ ਕੀਤੇ ਪ੍ਰਾਇਮਰੀ ਸਕੂਲ(ਸਕੂਲਾਂ) ਲਈ ਰਾਖਵਾਂ ਰੱਖਣਾ ਲਾਜ਼ਮੀ ਹੈ। ਇੱਕ ਫੀਡਰ/ਨਾਮਜ਼ਦ ਪ੍ਰਾਇਮਰੀ ਸਕੂਲ ਵਿੱਚ ਪੜ੍ਹ ਰਿਹਾ ਵਿਦਿਆਰਥੀ ਰਾਖਵੇਂ ਸਥਾਨ ਲਈ ਯੋਗ ਹੈ ਜੇਕਰ ਉਹ ਨੈੱਟ ਬੈਂਡ 1 ਜਾਂ 2 ਵਿੱਚ ਹੈ ਅਤੇ ਭਾਗ B "ਪ੍ਰਤੀਬੰਧਿਤ ਸਕੂਲ ਚੋਣਾਂ" ਵਿੱਚ ਆਪਣੀ ਪਹਿਲੀ ਪਸੰਦ ਵਜੋਂ ਫੀਡਰ/ਨਾਮਜ਼ਦ ਸੈਕੰਡਰੀ ਸਕੂਲ ਨੂੰ ਚੁਣਦਾ ਹੈ। ਜੇਕਰ ਯੋਗ ਵਿਦਿਆਰਥੀਆਂ ਦੀ ਗਿਣਤੀ ਉਪਲਬਧ ਫੀਡਰ/ਨਾਮਜ਼ਦ ਸਥਾਨਾਂ ਦੀ ਗਿਣਤੀ ਤੋਂ ਵੱਧ ਜਾਂਦੀ ਹੈ, ਤਾਂ ਸਕੂਲ ਸਥਾਨਾਂ ਦੀ ਵੰਡ ਵਿਦਿਆਰਥੀਆਂ ਦੇ ਨੈੱਟ ਬੈਂਡ ਅਤੇ ਉਨ੍ਹਾਂ ਦੇ ਰੈਂਡਮ ਸੰਖਿਆਵਾਂ ਦੇ ਅਧਾਰ ਤੇ ਕੀਤੀ ਜਾਵੇਗੀ। ਜੇਕਰ ਇੱਕ ਫੀਡਰ/ਨਾਮਜ਼ਦ ਪ੍ਰਾਇਮਰੀ ਸਕੂਲ ਵਿੱਚ ਪੜ੍ਹ ਰਿਹਾ ਵਿਦਿਆਰਥੀ ਕਰਾਸ-ਨੈੱਟ ਵੰਡ ਲਈ ਮਨਜ਼ੂਰ ਕੀਤਾ ਜਾਂਦਾ ਹੈ, ਤਾਂ ਉਹ ਫੀਡਰ/ਨਾਮਜ਼ਦ ਸੈਕੰਡਰੀ ਸਕੂਲ(ਸਕੂਲਾਂ) ਦੀ ਰਾਖਵੇਂ ਸਥਾਨ ਲਈ ਯੋਗ ਨਹੀਂ ਹੋਵੇਗਾ।

"ਥਰੂ-ਟ੍ਰੇਨ ਸਕੂਲ"

24. “ਥਰੂ-ਟ੍ਰੇਨ” ਸਕੂਲਾਂ ਵਿੱਚ ਪੜ੍ਹ ਰਹੇ P6 ਵਿਦਿਆਰਥੀ ਸਿੱਧੇ ਆਪਣੇ ਲਿੰਕ ਕੀਤੇ ਸੈਕੰਡਰੀ ਸਕੂਲਾਂ ਵਿੱਚ ਜਾਣ ਦੀ ਚੋਣ ਕਰ ਸਕਦੇ ਹਨ। ਜੇਕਰ ਵਿਦਿਆਰਥੀ SSPA ਸਿਸਟਮ ਵਿੱਚ ਭਾਗ ਨਾ ਲੈਣ ਵਾਲੇ ਡਾਇਰੈਕਟ ਸਬਸਿਡੀ ਸਕੀਮ ਸੈਕੰਡਰੀ ਸਕੂਲਾਂ (NDSS ਸੈਕੰਡਰੀ ਸਕੂਲਾਂ) ਦੇ S1 ਸਥਾਨਾਂ ਲਈ ਅਰਜ਼ੀ ਕਰਦੇ ਹਨ (ਚਾਹੇ ਸਫਲ ਹੋਣ ਜਾਂ ਨਾ ਹੋਣ), ਜਾਂ ਭਾਗੀਦਾਰ ਸਕੂਲਾਂ ਦੇ DP ਲਈ ਅਰਜ਼ੀ ਕਰਦੇ ਹਨ, ਜਾਂ CA ਵਿੱਚ ਹਿੱਸਾ ਲਿਆ ਹੈ, ਤਾਂ ਉਹਨਾਂ ਨੂੰ ਆਪਣੇ ਲਿੰਕ ਕੀਤੇ ਸੈਕੰਡਰੀ ਸਕੂਲਾਂ ਵਿੱਚ ਸਿੱਧੇ ਜਾਣ ਦਾ ਅਧਿਕਾਰ ਬਰਕਰਾਰ ਰੱਖਣ ਦੀ ਇਜਾਜ਼ਤ ਨਹੀਂ ਹੋਵੇਗੀ। "ਥਰੂ-ਟ੍ਰੇਨ" ਸੈਕੰਡਰੀ ਸਕੂਲਾਂ ਨੂੰ, ਸਿਧਾਂਤਕ ਤੌਰ 'ਤੇ, DP ਜਾਂ CA ਰਾਹੀਂ ਦੂਜੇ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਦਾਖਲ ਕਰਨ ਲਈ ਆਪਣੇ ਕੁੱਲ S1 ਸਥਾਨਾਂ ਦੀ ਗਿਣਤੀ ਦਾ ਘੱਟੋ-ਘੱਟ 15% ਰਾਖਵਾਂ ਰੱਖਣ ਦੀ ਲੋੜ ਹੁੰਦੀ ਹੈ।

**ਕੇਂਦਰੀ ਵੰਡ ਲਈ ਚੋਣਾਂ ਕਰਨ ਅਤੇ ਸੈਕੰਡਰੀ ਵਨ ਚੋਇਸ ਆਫ਼ ਸਕੂਲਜ਼ ਫਾਰਮ ਜਮ੍ਹਾਂ ਕਰਨ ਲਈ ਦਸਤਾਵੇਜ਼**

25. **ਇਸ ਚੱਕਰ ਵਿੱਚ eSSPA ਰਾਹੀਂ DP ਅਰਜ਼ੀਆਂ ਜਮ੍ਹਾਂ ਕਰਵਾਉਣ ਵਾਲੇ P6 ਵਿਦਿਆਰਥੀਆਂ ਦੇ ਮਾਪਿਆਂ ਨੂੰ eSSPA ਰਾਹੀਂ CA ਅਰਜ਼ੀਆਂ ਜਮ੍ਹਾਂ ਕਰਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਸੈਕੰਡਰੀ ਵਨ ਚੋਇਸ ਆਫ਼ ਸਕੂਲਜ਼ ਫਾਰਮ (ਚੋਣ ਫਾਰਮ) ਦਾ ਪੇਪਰ ਨਹੀਂ ਮਿਲੇਗਾ।**

    **P6 ਵਿਦਿਆਰਥੀਆਂ ਦੇ ਉਹ ਮਾਪੇ ਜਿਨ੍ਹਾਂ ਨੇ ਇਸ ਚੱਕਰ ਵਿੱਚ eSSPA ਰਾਹੀਂ DP ਅਰਜ਼ੀਆਂ ਜਮ੍ਹਾਂ ਨਹੀਂ ਕਰਵਾਈਆਂ ਹਨ, ਉਨ੍ਹਾਂ ਨੂੰ ਇੱਕ ਕਾਗਜ਼ੀ ਚੋਣ ਫਾਰਮ ਮਿਲੇਗਾ। ਉਹ CA ਅਰਜ਼ੀਆਂ eSSPA ਰਾਹੀਂ ਜਾਂ ਕਾਗਜ਼ੀ ਰੂਪ ਵਿੱਚ ਜਮ੍ਹਾਂ ਕਰਾਉਣ ਦਾ ਫੈਸਲਾ ਕਰ ਸਕਦੇ ਹਨ।**

26. SSPA ਸਿਸਟਮ ਵਿੱਚ ਭਾਗ ਲੈਣ ਵਾਲੇ ਹਰੇਕ ਪ੍ਰਾਇਮਰੀ ਸਕੂਲ ਨੂੰ ਮਾਪਿਆਂ ਲਈ ਹਵਾਲੇ ਵਾਸਤੇ "ਅਣ-ਪ੍ਰਤੀਬੰਧਤ ਵਾਲੀਆਂ ਸਕੂਲ ਚੋਣਾਂ" ਲਈ ਹੈਂਡਬੁੱਕ (Handbook) ਪ੍ਰਦਾਨ ਕੀਤਾ ਜਾਵੇਗਾ, ਤਾਂ ਜੋ ਉਹ ਚੋਣ ਫਾਰਮ ਦੇ ਭਾਗ A ਨੂੰ ਭਰਨ ਵੇਲੇ ਇਸਦਾ ਉਪਯੋਗ ਕਰ ਸਕਣ।

27. SSPA ਵਿੱਚ ਭਾਗ ਲੈਣ ਵਾਲੇ P6 ਵਿਦਿਆਰਥੀਆਂ ਦੇ ਮਾਪਿਆਂ ਨੂੰ ਆਪਣੇ ਬੱਚੇ ਦੇ ਸਕੂਲ ਨੈੱਟ ਲਈ ਸੈਕੰਡਰੀ ਸਕੂਲ ਸੂਚੀ (SSL) ਪ੍ਰਦਾਨ ਕੀਤੀ ਜਾਵੇਗੀ, ਤਾਂ ਜੋ ਉਹ ਚੋਣ ਫਾਰਮ ਦੇ ਭਾਗ B ਵਿੱਚ "ਪ੍ਰਤੀਬੰਧਤ ਸਕੂਲ ਚੋਣਾਂ" ਭਰ ਸਕਣ।

28. ਜਿਨ੍ਹਾਂ ਮਾਪੇ eSSPA ਉਪਭੋਗਤਾਵਾਂ ਵਜੋਂ ਰਜਿਸਟਰ ਹੋਏ ਹਨ, ਉਹ eSSPA ਰਾਹੀਂ SSL ਅਤੇ ਹੈਂਡਬੁੱਕ ਦੇ ਔਨਲਾਈਨ ਸੰਸਕਰਣ ਨੂੰ ਦੇਖ ਸਕਦੇ ਹਨ। ਇਸ ਤੋਂ ਇਲਾਵਾ, ਮਾਪੇ ਹੇਠਾਂ[3] ਦਿੱਤੇ ਮਾਰਗ ਦੀ ਪਾਲਣਾ ਕਰਕੇ EDB ਹੋਮਪੇਜ (https://www.edb.gov.hk) 'ਤੇ SSL ਅਤੇ ਹੈਂਡਬੁੱਕ ਦੇ ਔਨਲਾਈਨ ਸੰਸਕਰਣ ਨੂੰ ਵੀ ਦੇਖ ਸਕਦੇ ਹਨ: Home > Education System and Policy > Primary and Secondary Education > School Places Allocation Systems > Secondary School Places Allocation (SSPA) System

29. ਕਾਗਜ਼ੀ ਰੂਪ ਵਿੱਚ ਅਰਜ਼ੀ ਜਮ੍ਹਾਂ ਕਰਾਉਣ ਦੇ ਸੰਬੰਧ ਵਿੱਚ, ਚੋਣ ਫਾਰਮ ਦੀਆਂ 3 ਕਾਪੀਆਂ ਹਨ, EDB ਕਾਪੀ, ਸਕੂਲ ਕਾਪੀ ਅਤੇ ਮਾਪਿਆਂ ਦੀ ਕਾਪੀ। ਮਾਪਿਆਂ ਨੂੰ ਕਾਲੇ ਬਾਲ ਪੈਨ ਨਾਲ ਫਾਰਮ ਭਰਨਾ ਚਾਹੀਦਾ ਹੈ ਅਤੇ ਮਈ 2026 ਦੇ ਸ਼ੁਰੂ ਤੱਕ ਆਪਣੇ ਬੱਚਿਆਂ ਦੇ ਪ੍ਰਾਇਮਰੀ ਸਕੂਲਾਂ ਰਾਹੀਂ ਪੂਰਾ ਕੀਤਾ ਗਿਆ ਚੋਣ ਫਾਰਮ EDB ਨੂੰ ਵਾਪਸ ਕਰਨਾ ਲਾਜ਼ਮੀ ਹੈ। ਇਲੈਕਟ੍ਰਾਨਿਕ ਤਰੀਕੇ ਨਾਲ ਜਮ੍ਹਾਂ ਕਰਨ ਦੇ ਸੰਬੰਧ ਵਿੱਚ, ਮਾਪਿਆਂ ਨੂੰ ਪਹਿਲਾਂ ਹੀ eSSPA ਉਪਭੋਗਤਾਵਾਂ ਵਜੋਂ ਰਜਿਸਟਰ ਹੋਣਾ ਅਤੇ **ਆਪਣੇ ਖਾਤੇ ਨੂੰ "iAM Smart+" ਨਾਲ ਜੋੜਨਾ ਚਾਹੀਦਾ ਹੈ**, ਅਤੇ 9 ਅਪ੍ਰੈਲ 2026 ਤੋਂ 6 ਮਈ 2026 ਤੱਕ eSSPA ਰਾਹੀਂ ਚੋਣ ਫਾਰਮ ਜਮ੍ਹਾਂ ਕਰਨਾ ਹੋਵੇਗਾ।

30. **ਮਾਪਿਆਂ ਨੂੰ ਇੱਕੋ ਬੱਚੇ ਲਈ eSSPA ਰਾਹੀਂ ਅਤੇ ਕਾਗਜ਼ੀ ਰੂਪ ਵਿੱਚ ਦੂਹਰੀਆਂ ਅਰਜ਼ੀਆਂ ਜਮ੍ਹਾਂ ਨਹੀਂ ਕਰਵਾਉਣੀਆਂ ਚਾਹੀਦੀਆਂ।**

---

[3] ਹੈਂਡਬੁੱਕ ਅਤੇ SSL ਦੋਵੇਂ ਹੀ ਆਪਣੇ ਨਵੀਨਤਮ ਸੰਸਕਰਣਾਂ ਵਿੱਚ ਔਨਲਾਈਨ ਉਪਲਬਧ ਹਨ।

31. ਭਾਵੇਂ ਚੋਣ ਫਾਰਮ eSSPA ਰਾਹੀਂ ਜਮ੍ਹਾ ਕੀਤੇ ਗਏ ਹਨ ਜਾਂ ਕਾਗਜ਼ੀ ਰੂਪ ਵਿੱਚ, ਮਾਪਿਆਂ ਨੂੰ ਚੋਣ ਫਾਰਮ ਭਰਨ ਤੋਂ ਪਹਿਲਾਂ ਇਹ ਜਾਂਚ ਕਰਨੀ ਚਾਹੀਦੀ ਹੈ ਕਿ ਫਾਰਮ ਵਿੱਚ ਹੇਠ ਲਿਖੀ ਜਾਣਕਾਰੀ ਉਨ੍ਹਾਂ ਦੇ ਬੱਚੇ ਦੀ ਜਾਣਕਾਰੀ ਨਾਲ ਮਿਲਦੀ ਹੈ:

| | |
|---|---|
| ਵਿਦਿਆਰਥੀ ਹਵਾਲਾ ਨੰਬਰ: | ਪਹਿਲਾਂ ਜਾਰੀ ਕੀਤੇ ਗਏ "ਪ੍ਰਾਇਮਰੀ 6 ਵਿਦਿਆਰਥੀ ਰਿਕਾਰਡ ਫਾਰਮ" 'ਤੇ ਛਾਪੇ ਗਏ ਵਿਦਿਆਰਥੀ ਹਵਾਲਾ ਨੰਬਰ ਦੇ ਸਮਾਨ ਹੋਣਾ ਚਾਹੀਦਾ ਹੈ। |
| ਵਿਦਿਆਰਥੀ ਦਾ ਨਾਮ: | ਜੇਕਰ ਸਹੀ ਹੈ, ਤਾਂ ਕਿਰਪਾ ਕਰਕੇ ਪਹਿਲਾਂ ਤੋਂ ਛਾਪੇ ਗਏ ਅੰਗਰੇਜ਼ੀ ਨਾਮ (ਸਿਰਫ਼ ਪੇਪਰ ਚੋਣ ਫਾਰਮਾਂ 'ਤੇ ਲਾਗੂ) ਦੇ ਉੱਪਰ ਵਿਦਿਆਰਥੀ ਦਾ ਚੀਨੀ ਨਾਮ (ਜੇਕਰ ਕੋਈ ਹੈ) ਲਿਖੋ। ਵਿਦਿਆਰਥੀ ਦਾ ਚੀਨੀ ਨਾਮ (ਜੇਕਰ ਕੋਈ ਹੈ) eSSPA ਵਿੱਚ ਦਿਖਾਇਆ ਜਾਵੇਗਾ। |
| ਲਿੰਗ: | "M" ਦਾ ਅਰਥ ਹੈ ਪੁਰਸ਼, "F" ਦਾ ਅਰਥ ਹੈ ਇਸਤਰੀ। |
| ਵਿਦਿਆਰਥੀ ਦਾ ਸਕੂਲ ਨੈੱਟ : | ਸਕੂਲ ਸੂਚੀ ਦੇ ਉੱਪਰ ਖੱਬੇ ਕੋਨੇ 'ਤੇ ਛਾਪੇ ਗਏ ਕੋਡ ਦੇ ਸਮਾਨ ਹੋਣਾ ਚਾਹੀਦਾ ਹੈ; ਉਦਾਹਰਣ ਵਜੋਂ, ਕੇਂਦਰੀ ਅਤੇ ਪੱਛਮੀ ਜ਼ਿਲ੍ਹੇ (ਜਿਵੇਂ ਕਿ ਸਕੂਲ ਨੈੱਟ HK1) ਦੇ ਇੱਕ ਪ੍ਰਾਇਮਰੀ ਸਕੂਲ ਵਿੱਚ ਪੜ੍ਹ ਰਹੇ ਵਿਦਿਆਰਥੀ ਲਈ, ਸਕੂਲ ਸੂਚੀ HK1 ਲਈ ਹੀ ਹੋਣੀ ਚਾਹੀਦੀ ਹੈ। |

ਜੇਕਰ ਫਾਰਮ ਵਿੱਚ ਦਿੱਤੀ ਜਾਣਕਾਰੀ ਅਤੇ ਉਨ੍ਹਾਂ ਦੇ ਬੱਚੇ ਦੀ ਜਾਣਕਾਰੀ ਵਿੱਚ ਕੋਈ ਅੰਤਰ ਹੁੰਦਾ ਹੈ, ਤਾਂ ਮਾਪਿਆਂ ਨੂੰ ਤੁਰੰਤ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

32. ਇੱਕ ਵਾਰ ਵੰਡ ਪੂਰੀ ਹੋਣ ਤੋਂ ਬਾਅਦ, ਕੋਈ ਦੁਬਾਰਾ ਵੰਡ ਨਹੀਂ ਹੋਵੇਗੀ। ਇਸ ਲਈ ਮਾਪਿਆਂ ਨੂੰ ਸਕੂਲ ਦੀਆਂ ਚੋਣਾਂ ਕਰਨ ਤੋਂ ਪਹਿਲਾਂ ਧਿਆਨ ਨਾਲ ਵਿਚਾਰ ਕਰਨਾ ਚਾਹੀਦਾ ਹੈ, ਅਤੇ ਹੈਂਡਬੁੱਕ ਅਤੇ ਸਕੂਲ ਸੂਚੀ ਵਿੱਚ ਸਕੂਲ ਦੀ ਟਿੱਪਣੀ (ਟਿੱਪਣੀਆਂ) ਵੱਲ ਧਿਆਨ ਦੇਣਾ ਚਾਹੀਦਾ ਹੈ, ਜੇਕਰ ਕੋਈ ਹੈ। ਉਹ ਆਪਣੇ ਬੱਚੇ ਦੇ ਪੜ੍ਹਨ ਜਾਣ ਵਾਲੇ ਸਕੂਲ ਤੋਂ ਵੀ ਸਲਾਹ ਲੈ ਸਕਦੇ ਹਨ।

**eSSPA ਰਾਹੀਂ ਚੋਣ ਫਾਰਮ ਭਰਨਾ (ਉਨ੍ਹਾਂ ਮਾਪਿਆਂ ਲਈ ਜੋ ਆਪਣੇ ਖਾਤੇ ਨੂੰ "iAM Smart+" ਨਾਲ ਜੋੜਦੇ ਹਨ)**

33. eSSPA ਵਿੱਚ ਲੌਗਇਨ ਕਰਨ ਤੋਂ ਬਾਅਦ, ਕਿਰਪਾ ਕਰਕੇ ਚੋਣ ਫਾਰਮ ਲਈ ਪੰਨੇ ਵਿੱਚ ਦਾਖਲ ਹੋਣ ਲਈ "ਐਪਲੀਕੇਸ਼ਨ ਫਾਰ ਸੈਂਟਰਲ ਅਲੋਕੇਸ਼ਨ (CA)" ਦੇ ਅਧੀਨ "ਹੁਣੇ ਅਪਲਾਈ ਕਰੋ" ਦੀ ਚੋਣ ਕਰੋ।

34. ਸੰਪਰਕ ਜਾਣਕਾਰੀ ਭਰਨ ਤੋਂ ਬਾਅਦ, ਮਾਪਿਆਂ ਨੂੰ ਆਪਣੇ ਬੱਚੇ ਦੀ ਸਥਿਤੀ ਦੇ ਅਨੁਸਾਰ "ਕੇਂਦਰੀ ਵੰਡ ਲਈ ਅਰਜ਼ੀ ਦਿਓ" ਪੰਨੇ 'ਤੇ ਦਿੱਤੇ ਵਿਕਲਪਾਂ ਵਿੱਚੋਂ ਚੋਣ ਕਰਨੀ ਚਾਹੀਦੀ ਹੈ:

- ਉਹਨਾਂ ਵਿਦਿਆਰਥੀਆਂ ਲਈ ਜਿਨ੍ਹਾਂ ਨੂੰ CA ਰਾਹੀਂ S1 ਸਥਾਨਾਂ ਦੀ ਵੰਡ ਦੀ ਲੋੜ ਹੁੰਦੀ ਹੈ (ਅਰਥਾਤ ਉਹ ਵਿਦਿਆਰਥੀ ਜਿਨ੍ਹਾਂ ਨੂੰ ਭਾਗ ਲੈਣ ਵਾਲੇ ਸਕੂਲਾਂ ਵੱਲੋਂ ਸਫਲ DP ਬਿਨੈਕਾਰ ਵਜੋਂ ਸੂਚਿਤ ਨਹੀਂ ਕੀਤਾ ਗਿਆ ਹੈ, ਅਤੇ ਜਿਨ੍ਹਾਂ ਨੂੰ ਜੌਕੀ ਕਲੱਬ Ti-I ਕਾਲਜ ਜਾਂ NDSS ਸੈਕੰਡਰੀ ਸਕੂਲ ਦੁਆਰਾ ਦਾਖਲਾ ਨਹੀਂ ਦਿੱਤਾ ਗਿਆ ਹੈ), ਕਿਰਪਾ ਕਰਕੇ **ਭਾਗ A** ਅਤੇ **ਭਾਗ B** ਵਿੱਚ ਸਕੂਲ ਚੋਣਾਂ ਦੇ ਭਾਗਾਂ ਨੂੰ ਦਾਖਲ ਕਰਨ ਲਈ "ਸੈਕੰਡਰੀ ਵਨ ਚੋਇਸ ਆਫ ਸਕੂਲ ਫਾਰਮ 'ਤੇ ਸਕੂਲ ਦੀਆਂ ਚੋਣਾਂ ਕਰੋ" (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ) ਦੀ ਚੋਣ ਕਰੋ।




- ਉਹਨਾਂ ਵਿਦਿਆਰਥੀਆਂ ਲਈ ਜਿਨ੍ਹਾਂ ਨੂੰ ਸਕੂਲ ਦੀਆਂ ਚੋਣਾਂ ਕਰਨ ਦੀ ਲੋੜ **ਨਹੀਂ** ਹੈ (ਅਰਥਾਤ ਉਹ ਵਿਦਿਆਰਥੀ ਜਿਨ੍ਹਾਂ ਨੂੰ ਭਾਗ ਲੈਣ ਵਾਲੇ ਸਕੂਲਾਂ ਦੁਆਰਾ ਸਫਲ DP ਬਿਨੈਕਾਰਾਂ ਵਜੋਂ ਸੂਚਿਤ ਕੀਤਾ ਗਿਆ ਹੈ, ਜਾਂ ਜੌਕੀ ਕਲੱਬ Ti-I ਕਾਲਜ ਜਾਂ NDSS ਸੈਕੰਡਰੀ ਸਕੂਲ ਦੁਆਰਾ ਦਾਖਲਾ ਦਿੱਤਾ ਗਿਆ ਹੈ), ਕਿਰਪਾ ਕਰਕੇ ਭਾਗ A ਅਤੇ ਭਾਗ B ਵਿੱਚ ਸਕੂਲ ਦੀਆਂ ਚੋਣਾਂ ਦੇ ਭਾਗਾਂ ਨੂੰ ਛੱਡਣ ਲਈ "ਸੈਕੰਡਰੀ ਵਨ ਚੋਇਸ ਆਫ਼ ਸਕੂਲਜ਼ ਫਾਰਮ 'ਤੇ ਸਕੂਲ ਦੀਆਂ ਚੋਣਾਂ ਕਰਨ ਦੀ ਲੋੜ ਨਹੀਂ ਹੈ" (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ) ਦੀ ਚੋਣ ਕਰੋ, ਅਤੇ "iAM ਸਮਾਰਟ+" ਨਾਲ ਡਿਜੀਟਲ ਤੌਰ 'ਤੇ ਦਸਤਖਤ ਕਰੋ ਅਤੇ ਚੋਣ ਫਾਰਮ ਦੀ ਪੁਸ਼ਟੀ ਕਰਕੇ ਜਮ੍ਹਾਂ ਕਰੋ।



- ਜਿਨ੍ਹਾਂ ਵਿਦਿਆਰਥੀਆਂ ਨੂੰ SSPA ਸਿਸਟਮ ਰਾਹੀਂ ਸਬਸਿਡੀ ਵਾਲਾ S1 ਸਥਾਨ ਅਲਾਟ ਕਰਨ ਦੀ **ਲੋੜ ਨਹੀਂ** ਹੈ (ਉਦਾਹਰਣ ਵਜੋਂ, ਉਹ ਵਿਦਿਆਰਥੀ ਜੋ ਹਾਂਗ ਕਾਂਗ ਦੇ ਬਾਹਰ ਪੜ੍ਹਨਗੇ), ਅਤੇ **SSPA ਸਿਸਟਮ ਵਿੱਚ ਹਿੱਸਾ ਨਾ ਲੈਣ ਦਾ** ਫੈਸਲਾ ਕਰਦੇ ਹਨ, ਕਿਰਪਾ ਕਰਕੇ ਭਾਗ A ਅਤੇ ਭਾਗ B ਵਿੱਚ ਸਕੂਲ ਚੋਣਾਂ ਦੇ ਭਾਗਾਂ ਨੂੰ ਛੱਡਣ ਲਈ "SSPA ਸਿਸਟਮ ਰਾਹੀਂ ਸਬਸਿਡੀ ਵਾਲਾ S1 ਸਥਾਨ ਅਲਾਟ ਕਰਨ ਦੀ ਲੋੜ ਨਹੀਂ ਹੈ" (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ) ਦੀ ਚੋਣ ਕਰੋ, ਅਤੇ "iAM Smart+" ਨਾਲ ਡਿਜੀਟਲ ਤੌਰ 'ਤੇ ਦਸਤਖਤ ਕਰੋ ਅਤੇ ਚੋਣ ਫਾਰਮ ਦੀ ਪੁਸ਼ਟੀ ਕਰਕੇ ਜਮ੍ਹਾਂ ਕਰੋ। ਕਿਰਪਾ ਕਰਕੇ ਧਿਆਨ ਦਿਓ ਕਿ ਜੇਕਰ ਮਾਪੇ ਇਸ ਚੋਣ ਨੂੰ ਚੁਣਦੇ ਹਨ, ਤਾਂ ਵਿਦਿਆਰਥੀ SSPA ਸਿਸਟਮ ਵਿੱਚ ਹਿੱਸਾ ਲੈਣਾ ਛੱਡ ਦੇਵੇਗਾ, ਅਤੇ SSPA ਨਤੀਜਿਆਂ ਦੀ ਘੋਸ਼ਣਾ ਵਾਲੇ ਦਿਨ ਅਲਾਟਮੈਂਟ ਨਤੀਜੇ ਪ੍ਰਾਪਤ ਨਹੀਂ ਕਰੇਗਾ।




35. ਜਿਨ੍ਹਾਂ ਮਾਪਿਆਂ ਨੇ "ਸੈਕੰਡਰੀ ਵਨ ਚੋਇਸ ਆਫ਼ ਸਕੂਲਜ਼ ਫਾਰਮ 'ਤੇ ਚੋਣਾਂ ਕਰੋ" ਦੀ ਚੋਣ ਕੀਤੀ ਹੈ, ਕਿਰਪਾ ਕਰਕੇ ਧਿਆਨ ਦਿਓ ਕਿ:
   a. "**ਭਾਗ A - ਅਣ-ਪ੍ਰਤਿਬੰਧਤ ਸਕੂਲ ਚੋਣਾਂ**" ਵਾਲੇ ਪੰਨੇ 'ਤੇ, ਮਾਪੇ ਆਪਣੀ ਪਸੰਦ ਦੇ ਕ੍ਰਮ ਦੇ ਅਨੁਸਾਰ ਕਿਸੇ ਵੀ ਸਕੂਲ ਨੈੱਟ (ਜਿਸ ਵਿੱਚ ਉਨ੍ਹਾਂ ਦਾ ਬੱਚਾ ਸਬੰਧਤ ਹੈ ਉਸ ਸਕੂਲ ਨੈੱਟ ਸਮੇਤ) ਵਿੱਚੋਂ ਇੱਕ ਤੋਂ ਤਿੰਨ ਸੈਕੰਡਰੀ ਸਕੂਲ ਚੁਣ ਸਕਦੇ ਹਨ। ਮਾਪੇ ਸਕੂਲ ਕੋਡ (ਕੋਡਸ) ਜਾਂ ਸਕੂਲ ਦੇ ਨਾਮ ਦਰਜ ਕਰਕੇ ਸਕੂਲ (ਸਕੂਲਾਂ) ਦੀ ਖੋਜ / ਚੋਣ ਕਰ ਸਕਦੇ ਹਨ, ਜਾਂ ਪੰਨੇ ਦੇ ਸੱਜੇ ਪਾਸੇ "ਭਾਗ A ਲਈ ਖੇਤਰ-ਵਿਆਪੀ ਸਕੂਲ ਸੂਚੀ - ਅਣ-ਪ੍ਰਤਿਬੰਧਤ ਸਕੂਲ ਚੋਣਾਂ" ਵਿੱਚੋਂ ਸਕੂਲ (ਸਕੂਲਾਂ) ਨੂੰ ਫਿਲਟਰ ਕਰਕੇ ਚੁਣ ਸਕਦੇ ਹਨ। ਚੁਣੇ ਗਏ ਸਕੂਲ (ਸਕੂਲਾਂ) ਦੇ ਪਤੇ ਤਸਦੀਕ ਲਈ ਪੰਨੇ 'ਤੇ ਪ੍ਰਦਰਸ਼ਿਤ ਕੀਤੇ ਜਾਣਗੇ।
   b. "**ਭਾਗ B – ਪ੍ਰਤਿਬੰਧਿਤ ਸਕੂਲ ਚੋਣਾਂ**" ਭਰਦੇ ਸਮੇਂ, ਮਾਪੇ ਸਕੂਲ ਕੋਡ (ਕੋਡਸ) ਜਾਂ ਸਕੂਲ ਦੇ ਨਾਮ ਪਾ ਕੇ ਸਕੂਲ (ਸਕੂਲਾਂ) ਦੀ ਖੋਜ/ਚੁਣ ਸਕਦੇ ਹਨ, ਜਾਂ ਪੰਨੇ ਦੇ ਸੱਜੇ ਪਾਸੇ ਆਪਣੇ ਬੱਚੇ ਦੇ ਸਕੂਲ ਦੇ ਨੈੱਟ ਲਈ ਸਕੂਲ ਸੂਚੀ ਵਿੱਚੋਂ ਸਕੂਲ (ਸਕੂਲਾਂ) ਨੂੰ ਫਿਲਟਰ ਕਰਕੇ ਚੁਣ ਸਕਦੇ ਹਨ। **ਮਾਪਿਆਂ ਨੂੰ ਆਪਣੀ ਪਸੰਦ ਦੇ ਕ੍ਰਮ ਵਿੱਚ ਸਕੂਲਾਂ ਦੀ ਚੋਣ ਕਰਨੀ ਚਾਹੀਦੀ ਹੈ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ 30 ਚੋਣਾਂ ਭਰਨੀਆਂ ਚਾਹੀਦੀਆਂ ਹਨ।** ਜੇਕਰ ਕੰਪਿਊਟਰ ਕਿਸੇ ਵਿਦਿਆਰਥੀ ਨੂੰ ਉਸਦੀਆਂ ਸਾਰੀਆਂ ਚੋਣਾਂ ਦੀ ਜਾਂਚ ਕਰਨ ਤੋਂ ਬਾਅਦ ਸਥਾਨ ਅਲਾਟ ਨਹੀਂ ਕਰ ਸਕਦਾ ਹੈ, ਤਾਂ ਉਸਨੂੰ ਉਸਦੀ ਪਸੰਦ ਤੋਂ ਬਾਹਰ ਇੱਕ ਸੈਕੰਡਰੀ ਸਕੂਲ[4] ਵਿੱਚ ਸਥਾਨ ਅਲਾਟ ਕੀਤਾ ਜਾਵੇਗਾ।

[4] ਡਾਇਰੈਕਟ ਸਬਸਿਡੀ ਸਕੀਮ ਵਾਲੇ ਸਕੂਲਾਂ ਅਤੇ "ਵਿਦਿਆਰਥੀਆਂ ਨੂੰ ਇਸ ਸਕੂਲ ਵਿੱਚ ਉਦੋਂ ਤੱਕ ਅਲਾਟ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਇਸਨੂੰ ਆਪਣੀਆਂ ਚੋਣਾਂ ਵਿੱਚ ਸ਼ਾਮਲ ਨਹੀਂ ਕਰਦੇ" ਟਿੱਪਣੀ ਵਾਲੇ ਸਕੂਲਾਂ ਨੂੰ ਛੱਡ ਕੇ।

c. ਮਾਪੇ ਭਾਗ A ਅਤੇ B ਦੋਵਾਂ ਵਿੱਚ ਇੱਕੋ ਸਕੂਲ (ਸਕੂਲਾਂ) ਦੀ ਚੋਣ ਕਰ ਸਕਦੇ ਹਨ ਜੇਕਰ ਸਕੂਲ (ਸਕੂਲਾਂ) ਉਸ ਸਕੂਲ ਨੈੱਟ ਵਿੱਚ ਹਨ ਜਿਸ ਨਾਲ ਉਨ੍ਹਾਂ ਦਾ ਬੱਚਾ ਸਬੰਧਤ ਹੈ। ਹਾਲਾਂਕਿ, ਜੇਕਰ ਇੱਕੋ ਭਾਗ ਵਿੱਚ ਇੱਕੋ ਸਕੂਲ ਦੀ ਚੋਣ ਵਾਰ-ਵਾਰ ਕੀਤੀ ਜਾਂਦੀ ਹੈ, ਤਾਂ ਸਿਸਟਮ ਦੁਆਰਾ ਮਾਪਿਆਂ ਨੂੰ ਸੁਧਾਰ ਕਰਨ ਦੀ ਯਾਦ ਦਿਵਾਉਣ ਲਈ ਇੱਕ ਸੁਨੇਹਾ ਪੌਪ-ਅੱਪ ਕੀਤਾ ਜਾਵੇਗਾ। ਭਾਗ A ਅਤੇ B ਵਿੱਚ ਸਕੂਲ ਚੋਣਾਂ ਭਰਨ ਤੋਂ ਬਾਅਦ, ਮਾਪਿਆਂ ਨੂੰ ਧਿਆਨ ਨਾਲ ਜਾਂਚ ਕਰਨੀ ਚਾਹੀਦੀ ਹੈ ਕਿ ਸਕੂਲ ਕੋਡ, ਸਕੂਲ ਦੇ ਨਾਮ ਅਤੇ ਜ਼ਿਲ੍ਹੇ ਸਹੀ ਕ੍ਰਮ ਵਿੱਚ ਹਨ; ਕੇਂਦਰੀ ਵੰਡ ਅਤੇ ਨਿੱਜੀ ਜਾਣਕਾਰੀ ਸੰਗ੍ਰਹਿ ਸਟੇਟਮੈਂਟ 'ਤੇ ਮਾਪਿਆਂ ਲਈ ਨੋਟਸ ਨੂੰ ਪੜ੍ਹੋ ਅਤੇ ਸਵੀਕਾਰ ਕਰੋ। ਫਿਰ "iAM Smart+" ਨਾਲ ਡਿਜੀਟਲ ਤੌਰ 'ਤੇ ਦਸਤਖਤ ਕਰਕੇ, ਚੋਣ ਫਾਰਮ ਦੀ **ਪੁਸ਼ਟੀ ਕਰਕੇ ਜਮ੍ਹਾਂ ਕਰੋ**।

36. ਵੱਡੀ ਗਿਣਤੀ ਵਿੱਚ ਅਰਜ਼ੀਆਂ ਨੂੰ ਕੁਸ਼ਲਤਾ ਨਾਲ ਸੰਭਾਲਣ ਲਈ, **eSSPA ਵਿੱਚ ਹਰੇਕ ਲੌਗਇਨ ਸੈਸ਼ਨ 30 ਮਿੰਟਾਂ ਤੱਕ ਸੀਮਤ ਹੁੰਦਾ ਹੈ**। ਜੇ ਜਰੂਰੀ ਹੋਵੇ, ਤਾਂ ਮਾਪੇ "ਸੇਵ ਐਜ਼ ਡਰਾਫਟ" ਫੰਕਸ਼ਨ ਦੀ ਚੰਗੀ ਵਰਤੋਂ ਕਰ ਸਕਦੇ ਹਨ, ਅਤੇ ਅਗਲੇ ਲੌਗਇਨ ਸੈਸ਼ਨ 'ਤੇ ਸਬੰਧਤ ਅਰਜ਼ੀ ਜਮ੍ਹਾਂ ਕਰਨ ਦੀ ਪ੍ਰਕਿਰਿਆ ਜਾਰੀ ਰੱਖ ਸਕਦੇ ਹਨ। **"ਸੇਵ ਐਜ਼ ਡਰਾਫਟ" ਸਥਿਤੀ ਦੇ ਅਧੀਨ ਚੋਣ ਫਾਰਮਾਂ ਲਈ, ਕਿਰਪਾ ਕਰਕੇ ਧਿਆਨ ਦਿਓ ਕਿ ਮਾਪਿਆਂ ਨੂੰ "iAM ਸਮਾਰਟ+" ਨਾਲ ਡਿਜੀਟਲ ਤੌਰ 'ਤੇ ਦਸਤਖਤ ਕਰਨੇ ਲਾਜ਼ਮੀ ਹਨ, ਅਤੇ ਆਖਰੀ ਮਿਤੀ ਤੋਂ ਪਹਿਲਾਂ ਅਰਜ਼ੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਚੋਣ ਫਾਰਮ ਨੂੰ ਆਪਣੇ ਬੱਚੇ ਦੇ ਸਕੂਲ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ। ਸਫਲਤਾਪੂਰਵਕ ਜਮ੍ਹਾਂ ਕਰਵਾਉਣ ਤੋਂ ਬਾਅਦ ਸੰਬੰਧਿਤ ਜਮ੍ਹਾਂ ਕਰਵਾਉਣ ਦੀ ਸਥਿਤੀ "ਸਬਮਿਟਡ" (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ) ਵਜੋਂ ਦਿਖਾਈ ਜਾਵੇਗੀ। ਉਸੇ ਸਮੇਂ, ਮਾਪਿਆਂ ਨੂੰ eSSPA ਦੁਆਰਾ ਜਾਰੀ ਕੀਤੀ ਗਈ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ।**

**Application History**

| Form Name | Status | Date Submitted |
| --- | --- | --- |
| Secondary One Choice of Schools Form | SUBMITTED | 20.4.2026 18:05:04 |

37. ਜੇਕਰ ਮਾਪਿਆਂ ਨੇ ਇੱਕ ਅਜਿਹਾ ਸੈਕੰਡਰੀ ਸਕੂਲ ਚੁਣਿਆ ਹੈ ਜੋ ਇਸ ਵੰਡ ਚੱਕਰ ਵਿੱਚ SSPA ਸਿਸਟਮ ਦੇ ਅਧੀਨ S1 ਸਥਾਨਾਂ ਦੀ ਪੇਸ਼ਕਸ਼ ਨਹੀਂ ਕਰਦਾ ਹੈ, ਤਾਂ ਉਸ ਸਕੂਲ ਦੀ ਚੋਣ 'ਤੇ ਕਾਰਵਾਈ ਨਹੀਂ ਕੀਤੀ ਜਾਵੇਗੀ।

## ਪੇਪਰ ਚੋਣ ਫਾਰਮ ਭਰਨਾ

38. ਮਾਪਿਆਂ ਨੂੰ ਆਪਣੇ ਬੱਚਿਆਂ ਦੇ ਹਾਲਾਤਾਂ ਦੇ ਅਨੁਸਾਰ ਇਹ ਨਿਰਧਾਰਤ ਕਰਨ ਲਈ ਹੇਠ ਲਿਖੀਆਂ ਚੋਣਾਂ ਵਿੱਚੋਂ ਇੱਕ 'ਤੇ ਟਿਕ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਕੂਲ ਚੋਣਾਂ ਵਾਲੇ ਭਾਗ ਭਰਨੇ ਹਨ ਜਾਂ ਨਹੀਂ:

- ਉਹਨਾਂ ਵਿਦਿਆਰਥੀਆਂ ਲਈ ਜਿਨ੍ਹਾਂ ਨੂੰ CA ਰਾਹੀਂ S1 ਸਥਾਨਾਂ ਦੀ ਵੰਡ ਦੀ ਲੋੜ ਹੁੰਦੀ ਹੈ (ਅਰਥਾਤ, ਉਹ ਵਿਦਿਆਰਥੀ ਜਿਨ੍ਹਾਂ ਨੂੰ ਭਾਗ ਲੈਣ ਵਾਲੇ ਸਕੂਲਾਂ ਦੁਆਰਾ ਸਫਲ DP ਬਿਨੈਕਾਰ ਵਜੋਂ ਸੂਚਿਤ ਨਹੀਂ ਕੀਤਾ ਗਿਆ ਹੈ, ਅਤੇ ਜੌਕੀ ਕਲੱਬ Ti-I ਕਾਲਜ ਜਾਂ NDSS ਸੈਕੰਡਰੀ ਸਕੂਲ ਦੁਆਰਾ ਦਾਖਲਾ ਨਹੀਂ ਦਿੱਤਾ ਗਿਆ ਹੈ), ਕਿਰਪਾ ਕਰਕੇ ਚੋਣ ਫਾਰਮ 'ਤੇ "ਸਕੂਲ ਚੋਣਾਂ ਕਰੋ" ਦੀ ਚੋਣ ਕਰੋ (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ), ਅਤੇ **ਭਾਗ A** ਅਤੇ **ਭਾਗ B** ਵਿੱਚ ਸਕੂਲ ਚੋਣਾਂ ਭਰੋ।

**請在以下其中一個空格內填上 √ 號： Please tick one of the boxes below:**

☑ 需要填寫選校部分（請填寫本表格甲部及乙部的學校選擇）
Make school choices (Please fill in the school choices in Part A and Part B on this form)

☐ 不需要填寫選校部分。因學生已獲參加派位中學通知為自行分配學位正取學生，或已獲賽馬會體藝中學或不參加派位的直接資助計劃中學錄取（即放棄參加統一派位）
Do NOT need to make school choices as the student has been notified as successful Discretionary Places applicant, or has been admitted by Jockey Club Ti-I College or Direct Subsidy Scheme secondary schools not participating in the Secondary School Places Allocation System (i.e. give up participating in Central Allocation)

☐ 不需要透過中學學位分配辦法獲分配資助中一學位（例如學生將離港升學）（即放棄參加派位）
Do NOT need to be allocated a subsidised Secondary 1 place through the Secondary School Places Allocation System (for example, the student will study outside Hong Kong) (i.e. give up participating in the Secondary School Places Allocation System)

- ਜਿਨ੍ਹਾਂ ਵਿਦਿਆਰਥੀਆਂ ਨੂੰ ਭਾਗ ਲੈਣ ਵਾਲੇ ਸਕੂਲਾਂ ਦੁਆਰਾ ਸਫਲ DP ਬਿਨੈਕਾਰਾਂ ਵਜੋਂ ਸੂਚਿਤ ਕੀਤਾ ਗਿਆ ਹੈ, ਜਾਂ ਜਿਨ੍ਹਾਂ ਨੂੰ ਜੌਕੀ ਕਲੱਬ Ti-I ਕਾਲਜ ਜਾਂ NDSS ਸੈਕੰਡਰੀ ਸਕੂਲ ਦੁਆਰਾ ਦਾਖਲਾ ਦਿੱਤਾ ਗਿਆ ਹੈ, ਕਿਰਪਾ ਕਰਕੇ ਚੋਣ ਫਾਰਮ 'ਤੇ "ਸਕੂਲ ਚੋਣਾਂ ਕਰਨ ਦੀ ਲੋੜ ਨਹੀਂ ਹੈ" ਦੀ ਚੋਣ ਕਰੋ, ਸਕੂਲ ਚੋਣਾਂ ਦੇ ਭਾਗਾਂ ਨੂੰ ਕੱਟ ਦਿਓ, ਅਤੇ ਸੰਪਰਕ ਜਾਣਕਾਰੀ ਭਰਨ ਤੋਂ ਬਾਅਦ ਚੋਣ ਫਾਰਮ 'ਤੇ ਦਸਤਖਤ ਕਰੋ ਤਾਂ ਜੋ ਇਹ ਦਰਸਾਇਆ ਜਾ ਸਕੇ ਕਿ ਉਨ੍ਹਾਂ ਨੂੰ ਸਕੂਲ ਚੋਣਾਂ ਕਰਨ ਦੀ ਲੋੜ ਨਹੀਂ ਹੈ (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ)।

**請在以下其中一個空格內填上 √ 號： Please tick one of the boxes below:**

☐ 需要填寫選校部分（請填寫本表格甲部及乙部的學校選擇）
Make school choices (Please fill in the school choices in Part A and Part B on this form)

☑ 不需要填寫選校部分。因學生已獲參加派位中學通知為自行分配學位正取學生，或已獲賽馬會體藝中學或不參加派位的直接資助計劃中學錄取（即放棄參加統一派位）
Do NOT need to make school choices as the student has been notified as successful Discretionary Places applicant, or has been admitted by Jockey Club Ti-I College or Direct Subsidy Scheme secondary schools not participating in the Secondary School Places Allocation System (i.e. give up participating in Central Allocation)

☐ 不需要透過中學學位分配辦法獲分配資助中一學位（例如學生將離港升學）（即放棄參加派位）
Do NOT need to be allocated a subsidised Secondary 1 place through the Secondary School Places Allocation System (for example, the student will study outside Hong Kong) (i.e. give up participating in the Secondary School Places Allocation System)

**甲部 Part A 不受學校網限制的學校選擇 Unrestricted School Choices**

**任何學校網的學校，包括學生所屬學校網。請參閱《不受學校網限制選校手冊》，並依選擇的優先次序填上學校編號。電腦會先處理甲部的學校選擇。**

ANY school nets, including the student's school net. Please refer to the "Handbook for Unrestricted School Choices" and enter below the School Codes in order of preference. The school choices in Part A will be processed first.

| 第一選擇 First Choice | 第二選擇 Second Choice | 第三選擇 Third Choice |
|---|---|---|
| 學校編號 School Code | 學校編號 School Code | 學校編號 School Code |

**乙部 Part B 按學校網的學校選擇 Restricted School Choices**　　**學生所屬學校網 Student's School Net** HK2

**請參閱學生所屬學校網的《中學一覽表》，並依選擇的優先次序填上網內的學校編號。學生如未獲分配甲部選填的學校，電腦便會處理乙部的學校選擇。**

Please refer to the "Secondary School List" and enter below the School Codes within student's school net in order of preference. The school choices in Part B will be processed if students are not allocated school places in Part A.

| 選擇次序 Order of Preference | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| 學校編號 School Code | | | | | | | | | | |
| 選擇次序 Order of Preference | 11 | 12 | 13 | 14 | 15 | 16 | 17 | 18 | 19 | 20 |
| 學校編號 School Code | | | | | | | | | | |
| 選擇次序 Order of Preference | 21 | 22 | 23 | 24 | 25 | 26 | 27 | 28 | 29 | 30 |
| 學校編號 School Code | | | | | | | | | | |

本人聲明，表內所選填的學校為本人閱讀《統一派位家長須知》後自願填寫的。I certify that I have read the "Notes for Parents on Central Allocation" and I have made the above choices at my own will.

本人同意教育局透過電話短訊形式(SMS)通知學生的派位結果予本人。本人可接收 SMS 的手提電話號碼已填寫在右邊的方格內（如不同意接收 SMS 請留空此方格）。Consent is given for the Education Bureau to inform me of the allocation results of the student via SMS message. My mobile phone number which can receive SMS is provided in the box on the right (please leave the box blank if you do not wish to receive SMS)　9866 XXXX

家長/監護人簽署 Signature of Parent/Guardian: Chan T M　聯絡電話 Contact Tel. No.: 9866 XXXX　日期 Date: XX/XX/2026

家長/監護人姓名（請用正楷填寫） Name of Parent/Guardian (In BLOCK Letters): Chan Tai Man

住址 Home Address: Flat XX, XX Floor, XX Building, XX Road, HK

EDB 140　SO 307

- ਉਹਨਾਂ ਵਿਦਿਆਰਥੀਆਂ ਲਈ ਜਿਨ੍ਹਾਂ ਨੂੰ SSPA ਸਿਸਟਮ ਰਾਹੀਂ ਸਬਸਿਡੀ ਵਾਲਾ S1 ਸਥਾਨ ਅਲਾਟ ਕਰਨ ਦੀ **ਲੋੜ ਨਹੀਂ** ਹੈ (ਉਦਾਹਰਣ ਵਜੋਂ, ਉਹ ਵਿਦਿਆਰਥੀ ਜੋ ਹਾਂਗ ਕਾਂਗ ਦੇ ਬਾਹਰ ਪੜ੍ਹਨਗੇ), ਅਤੇ ਜੋ **SSPA ਸਿਸਟਮ ਵਿੱਚ ਹਿੱਸਾ ਲੈਣਾ ਛੱਡਣ ਦਾ ਫੈਸਲਾ ਕਰਦੇ ਹਨ**, ਕਿਰਪਾ ਕਰਕੇ "SSPA ਸਿਸਟਮ ਰਾਹੀਂ ਸਬਸਿਡੀ ਵਾਲਾ S1 ਸਥਾਨ ਅਲਾਟ ਕਰਨ ਦੀ ਲੋੜ ਨਹੀਂ ਹੈ" ਦੀ ਚੋਣ ਕਰੋ, ਸਕੂਲ ਚੋਣਾਂ ਦੇ ਭਾਗਾਂ ਨੂੰ ਕੱਟ ਦਿਓ, ਅਤੇ CA ਵਿੱਚ ਹਿੱਸਾ ਨਾ ਲੈਣ ਦੇ ਇਰਾਦੇ ਨੂੰ ਦਰਸਾਉਣ ਲਈ ਸੰਪਰਕ ਜਾਣਕਾਰੀ ਭਰਨ ਤੋਂ ਬਾਅਦ ਚੋਣ ਫਾਰਮ 'ਤੇ ਦਸਤਖਤ ਕਰੋ (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ)।



請在以下其中一個空格內填上 √ 號： Please tick one of the boxes below:

☐ 需要填寫選校部分（請填寫本表格甲部及乙部的學校選擇）
Make school choices (Please fill in the school choices in Part A and Part B on this form)

☐ 不需要填寫選校部分。因學生已獲參加派位中學通知為自行分配學位正取學生，或已獲賽馬會體藝中學或不參加派位的直接資助計劃中學錄取（即放棄參加統一派位）
Do NOT need to make school choices as the student has been notified as successful Discretionary Places applicant, or has been admitted by Jockey Club Ti-I College or Direct Subsidy Scheme secondary schools not participating in the Secondary School Places Allocation System (i.e. give up participating in Central Allocation)

☑ 不需要透過中學學位分配辦法獲分配資助中一學位（例如學生將離港升學）（即放棄參加派位）
Do NOT need to be allocated a subsidised Secondary 1 place through the Secondary School Places Allocation System (for example, the student will study outside Hong Kong) (i.e. give up participating in the Secondary School Places Allocation System)

甲部 Part A 不受學校網限制的學校選擇 Unrestricted School Choices

任何學校網的學校，包括學生所屬學校網。請參閱《不受學校網限制選校手冊》，並依選擇的優先次序填上學校編號。電腦會先處理甲部的學校選擇。

ANY school nets, including the student's school net. Please refer to the "Handbook for Unrestricted School Choices" and enter below the School Codes in order of preference. The school choices in Part A will be processed first.

| 第一選擇 First Choice | 第二選擇 Second Choice | 第三選擇 Third Choice |
|---|---|---|
| 學校編號 School Code | 學校編號 School Code | 學校編號 School Code |

乙部 Part B 按學校網的學校選擇 Restricted School Choices

學生所屬學校網 Student's School Net: HK2

請參閱學生所屬學校網的《中學一覽表》，並依選擇的優先次序填上網內的學校編號。學生如未獲分配甲部選填的學校，電腦便會處理乙部的學校選擇。

Please refer to the "Secondary School List" and enter below the School Codes within student's school net in order of preference. The school choices in Part B will be processed if students are not allocated school places in Part A.

| 選擇次序 Order of Preference | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| 學校編號 School Code | | | | | | | | | | |

| 選擇次序 Order of Preference | 11 | 12 | 13 | 14 | 15 | 16 | 17 | 18 | 19 | 20 |
|---|---|---|---|---|---|---|---|---|---|---|
| 學校編號 School Code | | | | | | | | | | |

| 選擇次序 Order of Preference | 21 | 22 | 23 | 24 | 25 | 26 | 27 | 28 | 29 | 30 |
|---|---|---|---|---|---|---|---|---|---|---|
| 學校編號 School Code | | | | | | | | | | |

本人聲明，表內所選填的學校為本人閱讀《統一派位家長須知》後自願填寫的。I certify that I have read the "Notes for Parents on Central Allocation" and I have made the above choices at my own will.

本人同意教育局透過電話短訊形式(SMS)通知學生的派位結果予本人。本人可接收 SMS 的手提電話號碼已填寫在右邊的方格內（如不同意接收 SMS 請留空此方格）。Consent is given for the Education Bureau to inform me of the allocation results of the student via SMS message. My mobile phone number which can receive SMS is provided in the box on the right (please leave the box blank if you do not wish to receive SMS) 9866 XXXX

家長/監護人簽署 Signature of Parent/Guardian: Chan T M 聯絡電話 Contact Tel. No. 9866 XXXX 日期 Date XX/XX/2026

家長/監護人姓名（請用正楷填寫）Name of Parent/Guardian (In BLOCK Letters): Chan Tai Man

住址 Home Address: Flat XX, XX Floor, XX Building, XX Road, HK

EDB 140 SO 307

39. **ਭਾਗ A** ਭਰਦੇ ਸਮੇਂ, ਮਾਪੇ ਕਿਸੇ ਵੀ ਸਕੂਲ ਨੈੱਟ (ਵਿਦਿਆਰਥੀ ਦੇ ਸਕੂਲ ਨੈੱਟ ਸਮੇਤ) ਵਿੱਚੋਂ ਇੱਕ ਤੋਂ ਤਿੰਨ ਸੈਕੰਡਰੀ ਸਕੂਲ ਚੁਣ ਸਕਦੇ ਹਨ। ਮਾਪਿਆਂ ਨੂੰ **ਹੈਂਡਬੁੱਕ** ਦੇਖਣੀ ਚਾਹੀਦੀ ਹੈ ਅਤੇ ਆਪਣੀ ਪਸੰਦ ਦੇ ਕ੍ਰਮ ਅਨੁਸਾਰ ਹੈਂਡਬੁੱਕ ਵਿੱਚ 3-ਅੰਕਾਂ ਵਾਲੇ ਸਕੂਲ ਕੋਡ ਨਾਲ ਚੋਣ ਫਾਰਮ ਵਿੱਚ ਬਕਸੇ ਭਰਨੇ ਚਾਹੀਦੇ ਹਨ। ਕੰਪਿਊਟਰ ਪਹਿਲਾਂ ਭਾਗ A ਵਿੱਚ ਸਾਰੇ ਵਿਦਿਆਰਥੀਆਂ ਦੀਆਂ ਸਕੂਲ ਚੋਣਾਂ 'ਤੇ ਪ੍ਰਕਿਰਿਆ ਕਰੇਗਾ, ਫਿਰ ਭਾਗ B ਵਿੱਚ ਸਕੂਲ ਚੋਣਾਂ 'ਤੇ ਪ੍ਰਕਿਰਿਆ ਕਰੇਗਾ। ਜੇਕਰ ਕਿਸੇ ਵਿਦਿਆਰਥੀ ਨੂੰ ਭਾਗ A ਵਿੱਚ ਸਫਲਤਾਪੂਰਵਕ ਸੈਕੰਡਰੀ ਸਕੂਲ ਸਥਾਨ ਅਲਾਟ ਹੋ ਜਾਂਦਾ ਹੈ, ਤਾਂ ਕੰਪਿਊਟਰ ਭਾਗ B ਵਿੱਚ ਉਸ ਦੀਆਂ ਸਕੂਲ ਚੋਣਾਂ 'ਤੇ ਅੱਗੇ ਪ੍ਰਕਿਰਿਆ ਨਹੀਂ ਕਰੇਗਾ।

40. **ਭਾਗ B** ਭਰਦੇ ਸਮੇਂ ਜਿੱਥੇ "ਪ੍ਰਤੀਬੰਧਿਤ ਸਕੂਲ ਚੋਣਾਂ" ਕੀਤੀਆਂ ਜਾਂਦੀਆਂ ਹਨ, ਮਾਪਿਆਂ ਨੂੰ **ਸਕੂਲ ਸੂਚੀ** ਵਿੱਚ 3-ਅੰਕਾਂ ਵਾਲੇ ਸਕੂਲ ਕੋਡ ਦਾ ਹਵਾਲਾ ਲੈਣਾ ਚਾਹੀਦਾ ਹੈ ਅਤੇ ਆਪਣੀ ਪਸੰਦ ਦੇ ਕ੍ਰਮ ਅਨੁਸਾਰ ਚੋਣ ਫਾਰਮ ਦੇ ਬਕਸਿਆਂ ਵਿੱਚ ਸਕੂਲ ਚੋਣਾਂ ਭਰਨੀਆਂ ਚਾਹੀਦੀਆਂ ਹਨ। **ਮਾਪਿਆਂ ਨੂੰ** ਭਾਗ **B ਵਿੱਚ ਆਪਣੇ ਬੱਚੇ ਦੇ ਸਕੂਲ ਨੈੱਟ ਦੇ ਅੰਦਰ ਸਕੂਲਾਂ ਨੂੰ ਆਪਣੀ ਪਸੰਦ ਦੇ ਕ੍ਰਮ ਵਿੱਚ ਭਰਨਾ ਚਾਹੀਦਾ ਹੈ ਅਤੇ ਜਿੱਥੋਂ ਤੱਕ ਹੋ ਸਕੇ 30 ਚੋਣਾਂ ਭਰਨੀਆਂ ਚਾਹੀਦੀਆਂ ਹਨ**। ਜੇਕਰ ਕੰਪਿਊਟਰ ਕਿਸੇ ਵਿਦਿਆਰਥੀ ਨੂੰ ਉਸਦੀਆਂ ਸਾਰੀਆਂ ਚੋਣਾਂ ਦੀ ਜਾਂਚ ਕਰਨ ਤੋਂ ਬਾਅਦ ਸਥਾਨ ਅਲਾਟ ਨਹੀਂ ਕਰ ਸਕਦਾ, ਤਾਂ ਉਸਨੂੰ ਉਸ ਦੀਆਂ ਚੋਣਾਂ ਤੋਂ ਬਾਹਰ ਇੱਕ ਸੈਕੰਡਰੀ ਸਕੂਲ[5] ਵਿੱਚ ਸਥਾਨ ਅਲਾਟ ਕੀਤਾ ਜਾਵੇਗਾ।

41. ਮਾਪੇ ਭਾਗ A ਵਿੱਚ ਕਿਸੇ ਵੀ ਸਕੂਲ ਨੈੱਟ ਤੋਂ ਸਕੂਲ ਚੁਣ ਸਕਦੇ ਹਨ। ਜੇਕਰ ਉਹਨਾਂ ਦੁਆਰਾ ਭਾਗ A ਵਿੱਚ ਦਰਸਾਏ ਗਏ ਸੈਕੰਡਰੀ ਸਕੂਲ ਵੀ ਉਹਨਾਂ ਦੇ ਬੱਚੇ ਦੇ ਸਕੂਲ ਨੈੱਟ ਵਿੱਚ ਸਥਿਤ ਹਨ, ਤਾਂ ਉਹ ਇਹਨਾਂ ਸਕੂਲਾਂ ਨੂੰ ਭਾਗ B ਵਿੱਚ ਸ਼ਾਮਲ ਕਰ ਸਕਦੇ ਹਨ। ਹਾਲਾਂਕਿ, ਇੱਕੋ ਭਾਗ ਵਿੱਚ ਇੱਕੋ ਸਕੂਲ ਦੀ ਦੁਹਰਾਈ ਚੋਣ ਨਹੀਂ ਕਰਨੀ ਚਾਹੀਦੀ। ਇੱਕੋ ਸਕੂਲ ਕੋਡ ਦੀਆਂ ਚੋਣਾਂ ਉਸੇ ਭਾਗ ਵਿੱਚ ਕੰਪਿਊਟਰ ਦੁਆਰਾ ਸਿਰਫ਼ ਇੱਕ ਵਾਰ ਹੀ ਪ੍ਰਕਿਰਿਆ ਕੀਤੀਆਂ ਜਾਣਗੀਆਂ।

42. ਮਾਪਿਆਂ ਨੂੰ ਧਿਆਨ ਨਾਲ ਜਾਂਚ ਕਰਨੀ ਚਾਹੀਦੀ ਹੈ ਕਿ ਚੋਣ ਫਾਰਮ ਵਿੱਚ ਦਰਜ ਕੀਤੇ ਗਏ ਸਕੂਲ ਕੋਡ ਉਹ ਹਨ ਜੋ ਹੈਂਡਬੁੱਕ ਅਤੇ ਸਕੂਲ ਸੂਚੀ ਵਿੱਚ ਸ਼ਾਮਲ ਹਨ। ਅਵੈਧ ਜਾਂ ਗਲਤ ਸਕੂਲ ਕੋਡਾਂ 'ਤੇ ਕਾਰਵਾਈ ਨਹੀਂ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਜੇਕਰ ਮਾਪਿਆਂ ਨੇ ਇੱਕ ਸੈਕੰਡਰੀ ਸਕੂਲ ਚੁਣਿਆ ਹੈ ਜੋ ਇਸ ਵੰਡ ਚੱਕਰ ਵਿੱਚ SSPA ਸਿਸਟਮ ਅਧੀਨ S1 ਸਥਾਨਾਂ ਦੀ ਪੇਸ਼ਕਸ਼ ਨਹੀਂ ਕਰਦਾ ਹੈ, ਤਾਂ ਉਸ ਸਕੂਲ ਦੀ ਚੋਣ 'ਤੇ ਕਾਰਵਾਈ ਨਹੀਂ ਕੀਤੀ ਜਾਵੇਗੀ।

43. ਜੇਕਰ ਮਾਪੇ "ਸਕੂਲ ਚੋਣਾਂ ਕਰੋ" ਦੀ ਚੋਣ ਕਰਦੇ ਹਨ, ਪਰ ਕੋਈ ਸਕੂਲ ਚੋਣ ਨਹੀਂ ਕਰਦੇ ਹਨ, ਅਤੇ ਵਿਦਿਆਰਥੀਆਂ ਨੂੰ ਨਾ ਤਾਂ DP ਪੜਾਅ 'ਤੇ ਸਕੂਲ ਸਥਾਨ ਅਲਾਟ ਹੁੰਦਾ ਹੈ ਅਤੇ ਨਾ ਹੀ ਜੌਕੀ ਕਲੱਬ Ti-I ਕਾਲਜ/NDSS ਸੈਕੰਡਰੀ ਸਕੂਲਾਂ ਦੁਆਰਾ ਦਾਖਲਾ ਦਿੱਤਾ ਜਾਂਦਾ ਹੈ, ਤਾਂ ਵਿਦਿਆਰਥੀਆਂ ਨੂੰ ਸਥਾਪਿਤ ਵੰਡ ਵਿਧੀ ਦੇ ਅਨੁਸਾਰ ਸਕੂਲ ਸਥਾਨ ਅਲਾਟ ਕੀਤਾ ਜਾਵੇਗਾ।

44. ਭਾਵੇਂ ਸਕੂਲ ਚੋਣਾਂ ਭਰਨੀਆਂ ਲਾਜ਼ਮੀ ਹੋਣ ਜਾਂ ਨਾ ਹੋਣ, ਮਾਪਿਆਂ ਨੂੰ ਬਲਾਕ ਅੱਖਰਾਂ ਵਿੱਚ ਮਾਤਾ-ਪਿਤਾ/ਸਰਪ੍ਰਸਤ ਦਾ ਨਾਮ, ਘਰ ਦਾ ਪਤਾ (ਜੇਕਰ ਕਰਾਸ-ਨੈੱਟ ਵੰਡ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਨਵਾਂ ਘਰ ਦਾ ਪਤਾ ਦਿੱਤਾ ਜਾਣਾ ਚਾਹੀਦਾ ਹੈ) ਅਤੇ ਸੰਪਰਕ ਟੈਲੀਫੋਨ ਨੰਬਰ ਭਰਨਾ ਚਾਹੀਦਾ ਹੈ, ਅਤੇ ਫਿਰ ਚੋਣ ਫਾਰਮ 'ਤੇ ਦਸਤਖਤ ਕਰਨੇ ਚਾਹੀਦੇ ਹਨ। ਕਿਰਪਾ ਕਰਕੇ ਧਿਆਨ ਦਿਓ ਕਿ ਚੋਣ ਫਾਰਮ ਸਿਰਫ਼ ਉਦੋਂ ਹੀ ਵੈਧ ਹੁੰਦਾ ਹੈ ਜਦੋਂ ਇਸ 'ਤੇ ਮਾਤਾ-ਪਿਤਾ/ਸਰਪ੍ਰਸਤ ਦੇ ਦਸਤਖਤ ਹੁੰਦੇ ਹਨ।

[5] ਡਾਇਰੈਕਟ ਸਬਸਿਡੀ ਸਕੀਮ ਵਾਲੇ ਸਕੂਲਾਂ ਅਤੇ "ਵਿਦਿਆਰਥੀਆਂ ਨੂੰ ਇਸ ਸਕੂਲ ਵਿੱਚ ਉਦੋਂ ਤੱਕ ਅਲਾਟ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਇਸਨੂੰ ਆਪਣੀਆਂ ਚੋਣਾਂ ਵਿੱਚ ਸ਼ਾਮਲ ਨਹੀਂ ਕਰਦੇ" ਟਿੱਪਣੀ ਵਾਲੇ ਸਕੂਲਾਂ ਨੂੰ ਛੱਡ ਕੇ।

## ਧਿਆਨ ਦੇਣ ਯੋਗ ਹੋਰ ਨੁਕਤੇ

45. ਕਿਰਪਾ ਕਰਕੇ ਧਿਆਨ ਦਿਓ ਕਿ eSSPA ਉਪਭੋਗਤਾਵਾਂ ਵਜੋਂ ਰਜਿਸਟਰਡ ਮਾਪੇ ਇਸ ਚੱਕਰ (ਭਾਵ 7 ਜੁਲਾਈ 2026) ਨੂੰ ਵੰਡ ਨਤੀਜਿਆਂ ਦੀ ਘੋਸ਼ਣਾ ਵਾਲੇ ਦਿਨ ਸਵੇਰੇ 10 ਵਜੇ ਤੋਂ eSSPA ਰਾਹੀਂ ਵੰਡ ਨਤੀਜੇ ਦੇਖ ਸਕਦੇ ਹਨ। EDB ਉਸੇ ਦਿਨ ਸਵੇਰੇ ਲਗਭਗ 10 ਵਜੇ ਤੋਂ ਮਾਪਿਆਂ ਨੂੰ SMS ਸੁਨੇਹਿਆਂ ਰਾਹੀਂ ਉਨ੍ਹਾਂ ਦੇ ਬੱਚਿਆਂ ਦੇ ਵੰਡ ਨਤੀਜਿਆਂ ਬਾਰੇ ਲਗਾਤਾਰ ਸੂਚਿਤ ਕਰੇਗਾ। ਜੋ ਮਾਪੇ ਇਹ SMS ਸੁਨੇਹਾ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਚੋਣ ਫਾਰਮ ਵਿੱਚ ਦਿੱਤੇ ਨਿਰਧਾਰਤ ਬਾਕਸ ਵਿੱਚ ਐਸਾ ਮੋਬਾਈਲ ਫੋਨ ਨੰਬਰ ਦਰਜ ਕਰਨਾ ਚਾਹੀਦਾ ਹੈ ਜੋ SMS ਸੁਨੇਹੇ ਪ੍ਰਾਪਤ ਕਰ ਸਕੇ (ਕਿਰਪਾ ਕਰਕੇ ਹੇਠਾਂ ਦਿੱਤੇ ਚਿੱਤਰ ਨੂੰ ਵੇਖੋ)। ਵਿਦਿਆਰਥੀਆਂ ਲਈ ਆਪਣੇ ਪ੍ਰਾਇਮਰੀ ਸਕੂਲਾਂ ਤੋਂ ਆਪਣੇ ਵੰਡ ਨਤੀਜੇ ਪ੍ਰਾਪਤ ਕਰਨ ਦੇ ਪ੍ਰਬੰਧ, ਅਤੇ ਨਾਲ ਹੀ ਵੰਡ ਨਤੀਜਿਆਂ ਦੀ ਘੋਸ਼ਣਾ ਨਾਲ ਸਬੰਧਤ ਹੋਰ ਪ੍ਰਸ਼ਾਸਨਿਕ ਪ੍ਰਬੰਧ, ਬਦਲੇ ਨਹੀਂ ਰਹਿਣਗੇ।

eSSPA 'ਤੇ ਚੁਆਇਸ ਫਾਰਮ 'ਤੇ ਨਿਰਧਾਰਤ ਸਥਾਨ



**Parent / Guardian Information**

Name of Parent / Guardian

Email

Home Address

Contact Tel. No.

☐ Consent is given for the Education Bureau to inform me of the allocation results of the student via SMS message. My mobile phone number which can receive SMS is provided in the box below (please leave the box blank if you do not wish to receive SMS).

Mobile Phone No. to receive SMS message

ਕਾਗਜ਼ੀ ਚੋਣ ਫਾਰਮ 'ਤੇ ਨਿਰਧਾਰਤ ਬਾਕਸ



本人同意教育局透過電話短訊形式(SMS)通知學生的派位結果予本人。本人可接收 SMS 的手提電話號碼已填寫在右邊的方格內（如不同意接收 SMS 請留空此方格）。Consent is given for the Education Bureau to inform me of the allocation results of the student via SMS message. My mobile phone number which can receive SMS is provided in the box on the right (please leave the box blank if you do not wish to receive SMS). 9866 XXXX

家長/監護人簽署 Signature of Parent/Guard Chan T M 聯絡電話 Contact Tel. No. 9866 XXXX 日期 Date XX/XX/2026

家長/監護人姓名（請用正楷填寫）Name of Parent/Guardian (In BLOCK Letters) Chan Tai Man

住址 Home Address Flat XX, XX Floor, XX Building, XX Road, HK

EDB 140 SO 307

46. ਮਾਪਿਆਂ ਦੁਆਰਾ ਚੋਣ ਫਾਰਮ ਵਿੱਚ ਪ੍ਰਦਾਨ ਕੀਤੇ ਗਏ ਨਿੱਜੀ ਡੇਟਾ ਦੀ ਵਰਤੋਂ ਸਕੂਲ ਸਥਾਨਾਂ ਦੀ ਵੰਡ ਅਤੇ ਹੋਰ ਸਿੱਖਿਆ ਨਾਲ ਸਬੰਧਤ ਉਦੇਸ਼ਾਂ ਲਈ ਕੀਤੀ ਜਾਵੇਗੀ। ਇਕੱਤਰ ਕੀਤਾ ਗਿਆ ਡਾਟਾ ਜਾਣਕਾਰੀ ਦੀ ਪੁਸ਼ਟੀ ਅਤੇ ਹੋਰ ਸਿੱਖਿਆ-ਸੰਬੰਧੀ ਉਦੇਸ਼ਾਂ ਲਈ ਹੋਰ ਸਰਕਾਰੀ ਵਿਭਾਗਾਂ ਜਾਂ ਉਸ ਸਕੂਲ ਨੂੰ ਵੀ ਜਾਰੀ ਕੀਤਾ ਜਾ ਸਕਦਾ ਹੈ ਜਿਸ ਵਿੱਚ ਵਿਦਿਆਰਥੀ ਨੂੰ ਅਲਾਟ ਜਾਂ ਟ੍ਰਾਂਸਫਰ ਕੀਤਾ ਗਿਆ ਹੈ। ਮਾਪਿਆਂ ਨੂੰ ਚੋਣ ਫਾਰਮ ਵਿੱਚ ਲੋੜ ਅਨੁਸਾਰ ਨਿੱਜੀ ਡੇਟਾ ਪ੍ਰਦਾਨ ਕਰਨਾ ਚਾਹੀਦਾ ਹੈ। ਜੇਕਰ ਪ੍ਰਦਾਨ ਕੀਤੀ ਗਈ ਜਾਣਕਾਰੀ ਅਧੂਰੀ ਹੈ, ਤਾਂ EDB ਸਕੂਲ ਸਥਾਨਾਂ ਦੀ ਵੰਡ ਲਈ ਅਰਜ਼ੀ 'ਤੇ ਪ੍ਰਕਿਰਿਆ ਕਰਨ ਦੇ ਯੋਗ ਨਹੀਂ ਹੋ ਸਕਦਾ ਹੈ।

**ਵੇਰਵੇ**

47. ਸਕੂਲ ਦੀਆਂ ਚੋਣਾਂ ਕਰਨ ਤੋਂ ਪਹਿਲਾਂ, ਮਾਪਿਆਂ ਨੂੰ EDB ਹੋਮਪੇਜ (https://www.edb.gov.hk/en/edu-system/primary-secondary/spa-systems/secondary-spa/general-info/index.html), 'ਤੇ ਅੱਪਲੋਡ ਕੀਤੇ ਗਏ SSPA ਸਿਸਟਮ 2024/2026 ਚੱਕਰ 'ਤੇ ਵੀਡੀਓ ਦੇਖਣੇ ਚਾਹੀਦੇ ਹਨ ਜਾਂ SSPA ਸਿਸਟਮ ਦੇ ਵੇਰਵੇ ਦੇਖਣੇ ਚਾਹੀਦੇ ਹਨ।

48. ਮਾਪੇ ਸਕੂਲਾਂ ਬਾਰੇ ਜਾਣਕਾਰੀ ਲਈ ਸੈਕੰਡਰੀ ਸਕੂਲ ਪ੍ਰੋਫਾਈਲ 2025/2026 ਦਾ ਹਵਾਲਾ ਵੀ ਦੇ ਸਕਦੇ ਹਨ। ਕਿਉਂਕਿ ਦਸੰਬਰ 2025 ਵਿੱਚ ਵੰਡੇ ਗਏ ਸੈਕੰਡਰੀ ਸਕੂਲ ਪ੍ਰੋਫਾਈਲ 2025/2026 ਦੇ ਪ੍ਰਿੰਟ ਕੀਤੇ ਸੰਸਕਰਣ ਵਿੱਚ ਨਵੇਂ ਸ਼ਾਮਲ ਕੀਤੇ ਗਏ ਸਕੂਲ ਜਾਂ ਨਵੀਨਤਮ ਸਕੂਲ ਜਾਣਕਾਰੀ ਸ਼ਾਮਲ ਨਹੀਂ ਹੋ ਸਕਦੀ, ਮਾਪਿਆਂ ਨੂੰ ਸੰਬੰਧਿਤ ਸਕੂਲਾਂ ਦੀ ਅੱਪਡੇਟ ਕੀਤੀ ਜਾਣਕਾਰੀ ਅਤੇ ਹਾਲ ਹੀ ਦੇ ਵਿਕਾਸ ਲਈ ਸੈਕੰਡਰੀ ਸਕੂਲ ਪ੍ਰੋਫਾਈਲ 2025/2026 (https://www.chsc.hk/secondary/en) ਦੇ ਵੈੱਬ ਸੰਸਕਰਣ ਦਾ ਹਵਾਲਾ ਦੇਣਾ ਚਾਹੀਦਾ ਹੈ, ਜਿਸ ਵਿੱਚ ਉਹਨਾਂ ਦੀ ਕਲਾਸ ਬਣਤਰ ਅਤੇ ਪੇਸ਼ ਕੀਤੇ ਗਏ ਵਿਸ਼ਿਆਂ ਬਾਰੇ ਜਾਣਕਾਰੀ ਸ਼ਾਮਲ ਹੈ। 2026/27 ਸਕੂਲ ਸਾਲ ਵਿੱਚ ਵੱਖ-ਵੱਖ ਸਕੂਲਾਂ ਦੁਆਰਾ ਚਲਾਈਆਂ ਜਾਣ ਵਾਲੀਆਂ S1 ਕਲਾਸਾਂ ਦੀ ਗਿਣਤੀ ਮੌਜੂਦਾ ਸਕੂਲ ਸਾਲ ਤੋਂ ਵੱਖਰੀ ਹੋ ਸਕਦੀ ਹੈ।

**ਜਰੂਰੀ ਤਾਰੀਖਾਂ**

49. SSPA 2024/2026 ਲਈ ਅਲਾਟ ਕੀਤੇ ਗਏ ਸੈਕੰਡਰੀ ਸਕੂਲਾਂ ਵਿੱਚ ਅਲਾਟਮੈਂਟ ਨਤੀਜਿਆਂ ਦੀ ਘੋਸ਼ਣਾ ਅਤੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਦੀਆਂ ਤਾਰੀਖਾਂ ਹੇਠ ਲਿਖੇ ਅਨੁਸਾਰ ਹਨ:

| | |
|---|---|
| ਵੰਡ ਨਤੀਜਿਆਂ ਦੀ ਘੋਸ਼ਣਾ: | 7 ਜੁਲਾਈ 2026 |
| ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ: | 9 ਅਤੇ 10 ਜੁਲਾਈ 2026 |

**ਪੁੱਛਗਿੱਛ**

50. ਜੇਕਰ ਮਾਪਿਆਂ ਨੂੰ ਚੋਣ ਫਾਰਮ ਭਰਨ ਬਾਰੇ ਕੋਈ ਪੁੱਛਗਿੱਛ ਹੈ, ਤਾਂ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਪ੍ਰਾਇਮਰੀ ਸਕੂਲਾਂ ਨਾਲ ਸਲਾਹ-ਮਸ਼ਵਰਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਮਾਪੇ SSPA ਸਿਸਟਮ ਬਾਰੇ ਜਾਣਕਾਰੀ ਲਈ EDB ਦੀ ਆਟੋਮੈਟਿਕ ਟੈਲੀਫੋਨ ਪੁੱਛਗਿੱਛ ਸੇਵਾ ਨੂੰ 2891 0088 'ਤੇ ਵੀ ਕਾਲ ਕਰ ਸਕਦੇ ਹਨ। ਹੋਰ ਪੁੱਛਗਿੱਛ ਦੇ ਮਾਮਲੇ ਵਿੱਚ, ਮਾਪੇ EDB ਦੇ ਸਕੂਲ ਸਥਾਨ ਵੰਡ ਭਾਗ (ਸੈਕੰਡਰੀ ਸਕੂਲ ਸਥਾਨ ਵੰਡ) ਨਾਲ 2832 7740 ਜਾਂ 2832 7700 'ਤੇ ਸੰਪਰਕ ਕਰ ਸਕਦੇ ਹਨ।

ਸਕੂਲ ਸਥਾਨ ਵੰਡ ਸੈਕਸ਼ਨ ਦੁਆਰਾ ਤਿਆਰ ਕੀਤਾ ਗਿਆ
ਸਿੱਖਿਆ ਬਿਊਰੋ
(ਮਾਰਚ 2026 ਵਿੱਚ ਪ੍ਰਕਾਸ਼ਿਤ)